
ਆਈਨਸਟੀਨ ਦੇ ਸਮਾਜਿਕ ਸਰੋਕਾਰ



ਆਈਨਸਟੀਨ ਦੇ ਸਮਾਜਿਕ ਸਰੋਕਾਰ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ - ਲਖਨਊ)

ਪਹਿਲੀ ਵਾਰ — ਜੁਲਾਈ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ – ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

ਕੀਮਤ : 10 ਰੁਪਏ

ਤਤਕਰਾ :

ਭੂਮਿਕਾ

20ਵੀਂ ਸਦੀ ਦੇ ਸਭ ਤੋਂ ਮਹਾਨ ਵਿਗਿਆਨੀਆਂ ਵਿੱਚੋਂ ਇੱਕ ਅਲਬਰਟ ਆਈਨਸਟੀਨ ਦੀ ਯਾਦ ਵਿੱਚ ਇਸ ਕਿਤਾਬਚੇ 'ਚ ਅਸੀਂ ਦੋ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਇਹ ਦੋਵੇਂ ਲੇਖ 'ਮੰਥਲੀ ਰੀਵਿਊ' ਮੈਗਜ਼ੀਨ 'ਚੋਂ ਲਏ ਗਏ ਹਨ। ਪਹਿਲਾ ਲੇਖ ਆਈਨਸਟੀਨ ਦੇ ਸਮਾਜਿਕ-ਸਿਆਸੀ ਸਰੋਕਾਰਾਂ ਨਾਲ਼ ਸਬੰਧਤ ਹੈ। ਆਪਣੀਆਂ ਵਿਗਿਆਨਕ ਖੋਜਾਂ ਲਈ ਸੰਸਾਰ ਪ੍ਰਸਿੱਧ ਹੋਣ ਦੇ ਬਾਵਜੂਦ ਅੱਜ ਦੀ ਪੀੜ੍ਹੀ ਦੇ ਜ਼ਿਆਦਾਤਰ ਪੜ੍ਹੇ ਲਿਖੇ ਲੋਕਾਂ ਨੂੰ ਵੀ ਆਈਨਸਟੀਨ ਦੇ ਸਮਾਜਿਕ-ਸਿਆਸੀ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਹੈ। ਇਸ ਤੱਥ ਦੇ ਪਰਦਾ ਪਿਆ ਹੋਇਆ ਹੈ ਕਿ ਇੱਕ ਮਹਾਨ ਵਿਗਿਆਨਕ ਹੋਣ ਦੇ ਨਾਲ਼-ਨਾਲ਼ ਆਈਨਸਟੀਨ ਦੇ ਡੂੰਘੇ ਸਮਾਜਿਕ ਸਰੋਕਾਰ ਵੀ ਸਨ, ਆਪਣੇ ਸਮਕਾਲੀ ਅਨਿਆਈਂ ਢਾਂਚੇ ਖਿਲਾਫ਼, ਸਮਾਜਿਕ ਨਿਆਂ ਅਤੇ ਮਨੁੱਖੀ ਹੱਕਾਂ ਲਈ ਉਹ ਜੀਵਨ ਭਰ ਸੰਘਰਸ਼ ਕਰਦੇ ਰਹੇ। ਇਸ ਲੇਖ ਵਿੱਚ ਆਈਨਸਟੀਨ ਦੇ ਸਿਆਸੀ ਜੀਵਨ ਦੀ ਜੀਵੰਤ ਝਾਕੀ ਪੇਸ਼ ਕੀਤੀ ਗਈ ਹੈ।

ਦੂਜਾ ਲੇਖ "ਸਮਾਜਵਾਦ ਹੀ ਕਿਉਂ?" ਖੁਦ ਆਈਨਸਟੀਨ ਦੀ ਰਚਨਾ ਹੈ। ਜਿਸ ਵਿੱਚ ਉਹਨਾਂ ਨੇ ਪੂੰਜੀਵਾਦ ਦੇ ਬਦਲ ਦੇ ਰੂਪ ਵਿੱਚ ਨਿਆਂ ਅਤੇ ਸਮਾਨਤਾ 'ਤੇ ਅਧਾਰਿਤ ਸਮਾਜਵਾਦੀ ਢਾਂਚੇ ਦੀ ਪੁਰਜ਼ੋਰ ਹਮਾਇਤ ਕੀਤੀ ਹੈ।

ਇਥੇ ਹੀ ਅਸੀਂ ਇਹ ਵੀ ਦੱਸ ਦੇਈਏ ਕਿ ਆਈਨਸਟੀਨ ਨੂੰ ਖੁਦ ਨੂੰ ਸਿਰਫ਼ ਅਤੇ ਸਿਰਫ਼ ਵਿਗਿਆਨਕ ਕਾਰਜ ਤੱਕ ਹੀ ਸੀਮਿਤ ਨਹੀਂ ਰੱਖਿਆ। ਉਹਨਾਂ ਆਪਣੇ ਵੇਲੇ ਹੱਕ, ਸੱਚ, ਇਨਸਾਫ਼ ਲਈ ਚੱਲ ਰਹੇ ਸੰਘਰਸ਼ਾਂ 'ਚ ਵੱਖ-ਵੱਖ ਢੰਗਾਂ ਨਾਲ਼ ਸ਼ਿਰਕਤ ਵੀ ਕੀਤੀ। ਪਰ ਇਸ ਸਭ ਦੇ ਬਾਵਜੂਦ ਵੀ ਉਹ ਆਪਣੇ ਬੁਰਜੂਆ ਸ਼ਾਂਤੀਵਾਦੀ ਅਤੇ ਬੁਰਜੂਆ ਮਾਨਵਤਾਵਾਦੀ ਭੁਲਾਂਦਰਿਆਂ ਤੋਂ ਕਦੇ ਵੀ ਮੁਕਤ ਨਾ ਹੋ ਸਕੇ, ਜਿਸ ਕਾਰਨ ਉਹਨਾਂ ਦੀ ਕਾਫ਼ੀ ਆਲੋਚਨਾ ਵੀ ਹੁੰਦੀ ਰਹੀ ਹੈ।

ਆਪਣੇ ਲੇਖ "ਸਮਾਜਵਾਦ ਹੀ ਕਿਉਂ?" ਦੇ ਅੰਤ ਵਿੱਚ ਉਹ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਰਾਹ ਦੀਆਂ ਕੁਝ ਸਮੱਸਿਆਵਾਂ ਦੀ ਚਰਚਾ ਕਰਦੇ ਹਨ। ਜਿਵੇਂ ਕਿ ਉਹ ਕਹਿੰਦੇ ਹਨ, "ਸਮਾਜਵਾਦ ਦੀ ਸਥਾਪਨਾ ਕੁੱਝ ਬੇਹੱਦ ਔਖੀਆਂ ਸਮਾਜਿਕ-ਰਾਜਨੀਤਕ ਸਮੱਸਿਆਵਾਂ ਦੇ ਹੱਲ ਦੀ ਮੰਗ ਕਰਦੀ ਹੈ, ਰਾਜਨੀਤਕ ਅਤੇ ਆਰਥਿਕ ਤਾਕਤ ਦੇ ਵਿਆਪਕ

ਕੇਂਦਰੀਕਰਨ ਨੂੰ ਧਿਆਨ 'ਚ ਰੱਖਦੇ ਹੋਏ ਨੌਕਰਸ਼ਾਹੀ ਨੂੰ ਸਰਵਸ਼ਕਤੀਮਾਨ ਅਤੇ ਹੰਕਾਰੀ ਹੋਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ? ਵਿਅਕਤੀ ਦੇ ਅਧਿਕਾਰਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ ਅਤੇ ਇਸ ਦੇ ਨਾਲ਼ ਹੀ ਨੌਕਰਸ਼ਾਹੀ ਦੀ ਤਾਕਤ ਨੂੰ ਪ੍ਰਭਾਵਹੀਣ ਬਣਾਉਣ ਵਾਲੀ ਲੋਕਤਾਂਤਰਿਕ ਤਾਕਤ ਨੂੰ ਸੁਨਿਸ਼ਚਿਤ ਤੌਰ 'ਤੇ ਕਿਵੇਂ ਕਾਇਮ ਕੀਤਾ ਜਾ ਸਕਦਾ ਹੈ ?" ਇਹ ਗੱਲ ਸੱਚ ਹੈ ਕਿ 20ਵੀਂ ਸਦੀ ਵਿੱਚ ਸਮਾਜਵਾਦੀ ਉਸਾਰੀ ਦੇ ਜੋ ਤਜ਼ਰਬੇ ਹੋਏ ਉੱਥੇ ਇਹਨਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ਼ ਹੀ ਇਹ ਵੀ ਸੱਚ ਹੈ ਕਿ ਕਾਮਰੇਡ ਮਾਓ ਦੀ ਅਗਵਾਈ ਵਿੱਚ 'ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ' ਦੇ ਰੂਪ 'ਚ ਇਹਨਾਂ ਸਮੱਸਿਆਵਾਂ ਤੋਂ ਛੁਟਕਾਰੇ ਦਾ ਰਾਹ ਵੀ ਖੋਜ ਲਿਆ ਗਿਆ ਹੈ। ਪਰ ਆਈਨਸਟੀਨ ਮਾਰਕਸਵਾਦੀ ਵਿਚਾਰਧਾਰਾ ਦੇ ਵਿਕਾਸ ਦੇ ਇਸ ਅਗਲੇ ਮੁਕਾਮ ਨੂੰ ਦੇਖਣ ਲਈ ਜਿਉਂਦੇ ਨਹੀਂ ਰਹੇ ਸਨ।

ਉਮੀਦ ਕਰਦੇ ਹਾਂ ਕਿ ਇਹ ਦੋਵੇ ਲੇਖ ਇਸ ਮਹਾਨ ਪ੍ਰਤਿਭਾ ਦੇ ਜੀਵਨ ਅਤੇ ਸਮਾਜਿਕ-ਸਿਆਸੀ ਸਰੋਕਾਰਾਂ ਬਾਰੇ ਜਾਣ ਸਕਣ 'ਚ ਪਾਠਕਾਂ ਲਈ ਮੱਦਦਗਾਰ ਹੋਣਗੇ।

— ਪ੍ਰਕਾਸ਼ਕ

ਰੈਡੀਕਲ ਆਈਨਸਟੀਨ

ਇੱਕ ਸਿਆਸੀ ਰੇਖਾ-ਚਿੱਤਰ

— ਜੌਨ ਜੇ. ਸਿਮੋਨ

2005 ਦੀ ਖਾਸੀਅਤ ਇਹ ਹੈ ਕਿ ਇਸ ਸਾਲ ਆਈਨਸਟੀਨ ਦੀ 50ਵੀਂ ਬਰਸੀ ਹੈ ਅਤੇ ਉਹਨਾਂ ਦੇ ਪੰਜ ਪ੍ਰਮੁੱਖ ਵਿਗਿਆਨਕ ਖ਼ੋਜ ਪੱਤਰਾਂ ਦੇ ਪ੍ਰਕਾਸ਼ਨ ਦੀ ਸੌਵੀਂ ਵਰ੍ਹੇਗੰਢ ਵੀ, ਜਿਨ੍ਹਾਂ ਨੇ ਭੌਤਿਕ-ਵਿਗਿਆਨ ਦੇ ਅਧਿਐਨ ਦੀ ਕਾਇਆਪਲਟ ਦਿੱਤੀ। ਆਈਨਸਟੀਨ ਦੀ ਅੰਤਰਦ੍ਰਿਸ਼ਟੀ ਇੰਨੀ ਇਨਕਲਾਬੀ ਸੀ ਕਿ ਉਹਨਾਂ ਨੇ ਨਾ ਸਿਰਫ਼ ਪ੍ਰਕਿਰਤੀ ਵਿਗਿਆਨ ਦੇ ਕਾਇਮ ਸਿਧਾਂਤਾਂ ਨੂੰ ਚੁਣੌਤੀ ਦਿੱਤੀ ਸਗੋਂ ਦੁਨੀਆਂ ਨੂੰ ਦੇਖਣ-ਸਮਝਣ ਦੇ ਆਮ ਲੋਕਾਂ ਦੇ ਨਜ਼ਰੀਏ ਨੂੰ ਵੀ ਬਦਲ ਦਿੱਤਾ। 1920 ਤੱਕ ਉਹਨਾਂ ਨੇ ਕੌਮਾਂਤਰੀ ਪੱਧਰ ’ਤੇ ਵਿਆਪਕ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਉਸ ਜ਼ਮਾਨੇ ਵਿੱਚ ਵਿਸ਼ਵ-ਪ੍ਰਸਿੱਧ ਹੋਣਾ ਕੋਈ ਆਮ ਗੱਲ ਨਹੀਂ ਸੀ, ਜਦੋਂ ਮਸ਼ਹੂਰ ਪਤਵੰਤੇ ਲੋਕਾਂ ਦੇ ਗੁਣਗਾਨ ਨਾਲ਼ ਭਰਪੂਰ ਅੱਜ ਕੱਲ੍ਹ ਦੇ ਅਖ਼ਬਾਰਾਂ-ਮੈਗਜ਼ੀਨਾਂ ਅਤੇ ਕੇਬਲ ਟੀ. ਵੀ. ਨਿਊਜ਼ ਚੈਨਲਾਂ ਦਾ ਅਜਿਹਾ ਉਭਾਰ ਨਹੀਂ ਹੋਇਆ ਸੀ। ਪ੍ਰੱਚਲਿਤ ਅਖ਼ਬਾਰਾਂ ਨੂੰ ਦਿੱਤੇ ਗਏ ਉਹਨਾਂ ਦੇ ਇੰਟਰਵਿਊ ਦੇ ਨਾਲ਼ ਨਾਲ਼ ਉਹਨਾਂ ਦੇ ਡੂੰਘੇ ਵਿਗਿਆਨਕ ਖੋਜ ਪੱਤਰ ਵੀ ਫਰੰਟ ਪੇਜ਼ ਦੀਆਂ ਖ਼ਬਰਾਂ ਅਤੇ ਸਮਾਚਾਰ ਫਿਲਮਾਂ ਲਈ ਵਧੀਆ ਖ਼ੁਰਾਕ ਬਣ ਗਏ ਸਨ। ਪਰ ਫਿਰ ਵੀ, ਇਕ ਤਿੱਖੇ ਤੇ ਉੱਘੇ ਤਬਦੀਲੀ ਪਸੰਦ ਦੇ ਰੂਪ ਵਿੱਚ ਆਪਣੇ ਵੇਲੇ ਦੇ ਰਾਜਨੀਤਕ ਜੀਵਨ ਵਿੱਚ ਉਹਨਾਂ ਦੀ ਸ਼ਮੂਲੀਅਤ ’ਤੇ ਕੋਈ ਗੰਭੀਰ ਚਰਚਾ ਗੈਰ-ਹਾਜ਼ਰ ਸੀ। ਉਹਨਾਂ ਦੀ ਮੌਤ ਦੇ ਬਾਅਦ ਛਪੇ ਰੇਖਾ-ਚਿਤਰਾਂ ਅਤੇ ਜੀਵਨੀਆਂ ਵਿੱਚ ਤਾਂ ਖਾਸ ਤੌਰ ’ਤੇ ਇਸ ਨੂੰ ਦੇਖਿਆ ਜਾ ਸਕਦਾ ਹੈ।

ਅਲਬਰਟ ਆਈਨਸਟੀਨ ਦਾ ਜਨਮ 14 ਮਾਰਚ 1879 ਨੂੰ ਜਰਮਨੀ ਦੇ ਇਕ ਉਦਾਰਵਾਦੀ, ਧਰਮ-ਨਿਰਪੱਖ ਅਤੇ ਛੋਟੇ ਸਰਮਾਏਦਾਰ ਯਹੂਦੀ ਪਰਿਵਾਰ ਵਿੱਚ ਹੋਇਆ ਸੀ। ਨੌਜਵਾਨ ਅਲਬਰਟ ਦਾ ਬਚਪਨ ਅਤੇ ਸ਼ੁਰੂਆਤੀ ਬਚਪਨ ਆਮ ਵਾਂਗ ਹੀ ਸੀ। 19ਵੀਂ ਸਦੀ ਦੇ ਅੰਤ ਵਿੱਚ ਜੰਮੇ ਬਹੁਤੇ ਨੌਜਵਾਨਾਂ ਵਾਂਗ ਉਹ ਵੀ ਜਗਿਆਸੂ ਸਨ, ਡਾਰਵਿਨ ਨੂੰ ਪੜ੍ਹਦੇ ਸਨ, ਪਦਾਰਥ ਭਾਵ ਪ੍ਰਕਿਰਤੀ ਵਿੱਚ ਉਹਨਾਂ ਦੀ ਡੂੰਘੀ ਦਿਲਚਸਪੀ ਸੀ ਅਤੇ “ਪ੍ਰਕਿਰਤੀ ਦੇ ਭੇਤ” ਨੂੰ ਚੰਗੀ ਤਰ੍ਹਾਂ ਸਮਝਣ ਦੀ ਇੱਛਾ ਰੱਖਦੇ ਸਨ ਤਾਂ ਕਿ ‘ਨਿਯਮ ਅੰਦਰਲੇ ਨਿਯਮ’ ਨੂੰ ਸਮਝ ਸਕਣ।

1895 ਵਿੱਚ 16 ਸਾਲ ਦੀ ਉਮਰ ਵਿੱਚ ਆਈਨਸਟੀਨ ਜਰਮਨੀ ਦੀ

ਨਾਗਰਿਕਤਾ ਦਾ ਤਿਆਗ ਕਰਕੇ ਸਵਿਟਜ਼ਰਲੈਂਡ ਚਲੇ ਗਏ। ਇਸ ਦਾ ਮੁੱਖ ਕਾਰਨ ਸੀ ਫੌਜ ਦੀ ਨੌਕਰੀ ਤੋਂ ਦੂਰ ਰਹਿਣਾ ਅਤੇ ਜ਼ੂਰਿਚ ਪੋਲੀਟੈਕਨਿਕ ਵਿੱਚ ਆਪਣੀ ਸਿੱਖਿਆ ਪੂਰੀ ਕਰਨਾ। ਯਹੂਦੀ ਅਤੇ ਅਰਬ-ਵਿਰੋਧੀ ਵਿਚਾਰਾਂ ਨਾਲ਼ ਗ੍ਰਸਤ ਜਰਮਨ ਅਤੇ ਆਸਟ੍ਰੀਆਈ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਇੱਥੋਂ ਦੇ ਮੁਕਾਬਲਤਨ ਮੁਕਤ ਵਾਤਾਵਰਣ ਵਿੱਚ ਆਖ਼ਰ ਉਹਨਾਂ ਨੇ ਪੀ. ਐੱਚ. ਡੀ. ਦੀ ਉਪਾਧੀ ਪ੍ਰਾਪਤ ਕਰ ਲਈ। ਪਰ ਜ਼ੂਰਿਚ ਵਿੱਚ ਪੜ੍ਹਨ ਦੇ ਉਹਨਾਂ ਨੂੰ ਹੋਰ ਵੀ ਫਾਇਦੇ ਹੋਏ। ਆਈਨਸਟੀਨ ਨੇ ਆਪਣਾ ਕਾਫ਼ੀ ਸਮਾਂ ਓਡੀਅਨ ਕੈਫੇ 'ਚ ਬਿਤਾਇਆ ਜੋ ਰੂਸੀ ਇਨਕਲਾਬੀਆਂ ਦਾ ਅੱਡਾ ਹੋਇਆ ਕਰਦਾ ਸੀ ਅਤੇ ਜਿੱਥੇ ਪਹਿਲਾਂ ਅਲੈਕਸਾਂਦਰਾ ਕੋਲਨਤਾਈ ਅਤੇ ਲਿਯੋਨ ਟ੍ਰਾਟਸਕੀ ਅਤੇ ਕੁੱਝ ਸਾਲਾਂ ਬਾਅਦ ਲੈਨਿਨ ਵੀ ਆਉਂਦੇ ਜਾਂਦੇ ਸਨ। ਆਈਨਸਟੀਨ ਨੇ ਖੁਦ ਇਸ ਗੱਲ ਨੂੰ ਪ੍ਰਵਾਨ ਕੀਤਾ ਸੀ ਕਿ ਉਹ ਆਪਣਾ ਜ਼ਿਆਦਾਤਰ ਸਮਾਂ ਓਡੀਅਨ ਵਿੱਚ ਹੀ ਬਿਤਾਉਣਾ ਪਸੰਦ ਕਰਦੇ ਸਨ, ਇੱਥੋਂ ਤੱਕ ਕਿ ਕੌਫ਼ੀ ਹਾਊਸ ਵਿੱਚ ਚੱਲਣ ਵਾਲੀਆਂ ਉਤੇਜਕ ਰਾਜਨੀਤਕ ਬਹਿਸਾਂ ਵਿੱਚ ਹਿੱਸਾ ਲੈਣ ਲਈ ਉਹ ਆਪਣੀ ਕਲਾਸ ਵੀ ਛੱਡ ਦਿੰਦੇ ਸਨ।

ਅਕਾਦਮਿਕ ਨੌਕਰੀ ਹਾਸਲ ਕਰ ਸਕਣ ਵਿੱਚ ਅਸਫ਼ਲ ਰਹਿਣ ਬਾਅਦ ਆਈਨਸਟੀਨ 1902 ਵਿੱਚ ਬਰਨ ਵਿੱਚ ਸਵਿਸ ਪੇਟੇਂਟ ਦਫ਼ਤਰ ਵਿੱਚ ਕੰਮ ਕਰਨ ਚਲੇ ਗਏ। ਇੱਥੇ 1905 ਵਿੱਚ ਆਪਣੀ ਪ੍ਰਤਿਭਾ ਦਿਖਾਉਂਦੇ ਹੋਏ ਉਹਨਾਂ ਨੇ ਸਾਪੇਖਿਕਤਾ ਦਾ ਵਿਸ਼ੇਸ਼ ਸਿਧਾਂਤ, ਕਵਾਂਟਮ ਮਕੈਨਿਕਸ ਅਤੇ ਬ੍ਰਾਉਨਿਅਨ ਗਤੀ (Brownian movement) ਬਾਰੇ ਆਪਣੇ ਖੋਜ ਪੱਤਰ ਛਪਵਾਏ। 1914 ਵਿੱਚ ਉਹਨਾਂ ਨੂੰ ਬਰਲਿਨ ਯੂਨੀਵਰਸਿਟੀ ਵਿਚ ਪ੍ਰੋਫੈਸਰਸ਼ਿਪ ਦੀ ਪੇਸ਼ਕਸ ਮਿਲੀ ਜਿਸ ਨੂੰ ਉਹਨਾਂ ਨੇ ਪ੍ਰਵਾਨ ਕਰ ਲਿਆ। ਆਈਨਸਟੀਨ ਫਾਈਲ ਦੇ ਲੇਖਕ, ਫ੍ਰੇਡ ਜੇਰੋਮ ਅਨੁਸਾਰ ਇਹ ਪੇਸ਼ਕਸ ਸੰਭਵ ਤੌਰ 'ਤੇ : ਬ੍ਰਿਟੇਨ, ਫ਼ਰਾਂਸ ਅਤੇ ਜਰਮਨੀ ਦੀਆਂ ਯੂਨੀਵਰਸਿਟੀਆਂ ਦਰਮਿਆਨ ਚੱਲ ਰਹੇ ਜ਼ਬਰਦਸਤ ਮੁਕਾਬਲੇ ਦਾ ਸਿੱਟਾ ਸੀ ਜਿਸ ਦਾ ਮਕਸਦ ਆਪਣੀ-ਆਪਣੀ ਸਰਕਾਰ ਦੇ ਸਾਮਰਾਜਵਾਦੀ ਮਨਸੂਬਿਆਂ ਨੂੰ ਉਕਸਾਵਾ ਦੇਣ ਲਈ ਵਿਗਿਆਨਕ ਅਤੇ ਤਕਨੀਕੀ ਪ੍ਰਤਿਭਾ ਦੀ ਤਲਾਸ਼ ਕਰਨਾ ਸੀ। ਬਦਕਿਸਮਤੀ ਨਾਲ ਆਈਨਸਟੀਨ ਨੇ ਠੀਕ ਉਸੇ ਸਮੇਂ ਆਪਣਾ ਅਹੁਦਾ ਸੰਭਾਲਿਆ ਜਦ ਪਹਿਲੀ ਸੰਸਾਰ ਜੰਗ ਭੜਕ ਉੱਠੀ ਸੀ ਜਿਸ ਵਿੱਚ ਜਰਮਨੀ ਮੁੱਖ ਜੰਗੀਆਂ ਵਿੱਚੋਂ ਇਕ ਸੀ।

ਆਈਨਸਟੀਨ ਨੇ ਜੰਗ ਦਾ ਵਿਰੋਧ ਕੀਤਾ। ਇਸ ਕਰਕੇ ਜਰਮਨ ਸਮਾਜਿਕ ਜਮਹੂਰੀਆ ਨਾਲ ਉਹਨਾਂ ਦੇ ਰਿਸ਼ਤੇ ਵਿਗੜ ਗਏ ਜਿਨ੍ਹਾਂ ਨਾਲ਼ ਪਹਿਲਾਂ ਉਹ ਹਮਦਰਦੀ ਰੱਖਦੇ ਸਨ। ਉਹਨਾਂ ਲੋਕਾਂ ਦੀ ਬਜਾਇ ਉਹਨਾਂ ਨੇ ਪਾਰਟੀ ਦੀ ਘੱਟ ਗਿਣਤੀ ਦਾ ਪੱਖ ਲਿਆ ਜੋ ਇਸ ਜੰਗ ਨੂੰ ਜੰਗ 'ਚ ਉਲਝੀਆਂ ਹਾਕਮ ਜਮਾਤਾਂ ਦਰਮਿਆਨ ਝਗੜੇ ਦੇ ਰੂਪ ਵਿੱਚ ਦੇਖਦੀ ਸੀ। ਇਸ ਗੱਲ 'ਤੇ ਆਈਨਸਟੀਨ ਦੇ ਆਪਣੇ ਜ਼ਿਆਦਾਤਰ ਵਿਗਿਆਨਕ ਸਹਿਯੋਗੀਆਂ ਨਾਲ਼ ਵੀ ਮਤਭੇਦ ਹੋ ਗਏ। ਆਈਨਸਟੀਨ ਦੇ ਲਗਭਗ ਬਰਾਬਰ ਦੇ ਭੌਤਿਕ

ਵਿਗਿਆਨੀ ਮੈਕਸ ਪਲਾਂਕ ਅਤੇ ਲਗਭਗ ਸੌ ਦੂਸਰੇ ਵਿਗਿਆਨਿਕਾਂ ਨੇ ਇਕ ਅੰਨ੍ਹੇ ਕੌਮਪ੍ਰਸਤ "ਸੱਭਿਅਕ ਸੰਸਾਰ ਲਈ ਐਲਾਨਨਾਮੇ" 'ਤੇ ਦਸਤਖਤ ਕੀਤੇ ਜਿਸ ਵਿੱਚ ਉਸ ਜੰਗ ਨੂੰ "ਰੂਸੀ ਗਿਰੋਹਾਂ", "ਮੰਗੋਲ" ਤੇ "ਨੀਗਰੋ" ਲੋਕਾਂ ਦੁਆਰਾ "ਗੋਰੀ ਨਸਲ ਵਿਰੁੱਧ ਛੇੜੀ ਗਈ ਜੰਗ" ਵਿਰੁੱਧ ਇਕ ਨਿਆਂ ਸੰਗਤ ਟਾਕਰਾ ਜੰਗ ਦੇ ਰੂਪ ਵਿੱਚ ਜਾਇਜ਼ ਠਹਿਰਾਇਆ ਗਿਆ ਸੀ। ਜਰਮਨੀ ਦੇ ਜੰਗ ਉਦੇਸ਼ਾਂ ਦੀ ਹਮਾਇਤ ਕਰਨ ਵਾਲੇ ਇਸ ਐਲਾਨਨਾਮੇ ਦੀ ਭਾਸ਼ਾ, ਇਕ ਪੀੜ੍ਹੀ ਬਾਅਦ ਦੇ ਨਾਜੀ ਸ਼ਬਦ ਅਡੰਬਰ ਦਾ ਮੁੱਢਲਾ ਰੂਪ ਸੀ। ਆਈਨਸਟੀਨ ਅਤੇ ਤਿੰਨ ਹੋਰ ਲੋਕਾਂ ਨੇ ਇਕ ਦਸਤਾਵੇਜ ਵਿੱਚ ਇਸ ਦਾ ਜਵਾਬ ਦਿੱਤਾ ਜਿਸ ਵਿੱਚ ਵਿਗਿਆਨਕਾਂ ਦੇ (ਅਫ਼ਸੋਸ ਕਿ ਉਹਨਾਂ ਵਿੱਚ ਬਹੁਤ ਸਾਰੇ ਕਲਾਕਾਰ ਅਤੇ ਲੇਖਕ ਵੀ ਸ਼ਾਮਿਲ ਸਨ) ਇਸ ਵਰਤਾਓ ਨੂੰ ਸ਼ਰਮਨਾਕ ਦੱਸਿਆ ਗਿਆ ਸੀ। ਮੌਕੇ ਦੀ ਸਰਕਾਰ ਨੇ ਇਸ ਦਸਤਾਵੇਜ ਨੂੰ ਦਬਾ ਲਿਆ। ਦਸਤਖਤ ਕਰਨ ਵਾਲਿਆਂ ਵਿੱਚੋਂ ਘੱਟੋ-ਘੱਟ ਇਕ ਵਿਅਕਤੀ ਨੂੰ ਜੇਲ੍ਹ ਹੋਈ ਸੀ। ਆਈਨਸਟੀਨ ਨੂੰ ਕੈਦ ਨਹੀਂ ਕੀਤਾ ਗਿਆ ਸੀ। ਉਹਨਾਂ ਨੂੰ ਪ੍ਰਾਪਤ ਪ੍ਰਸਿੱਧੀ ਦੀ ਤਾਕਤ ਦਾ ਇਹ ਪਹਿਲਾ ਦ੍ਰਿਸ਼ਟਾਂਤ ਸੀ ਜਿਸਨੇ ਉਹਨਾਂ ਦੀ ਸਿਰਫ਼ ਰੱਖਿਆ ਹੀ ਨਹੀਂ ਕੀਤੀ ਸਗੋਂ ਉਹਨਾਂ ਨੂੰ ਵਿਰੋਧ ਵਿੱਚ ਅਵਾਜ਼ ਵੀ ਉਠਾਉਣ ਦਿੱਤੀ, ਜਦੋਂ ਕਿ ਦੂਸਰਿਆਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਸੀ।

ਜੰਗ ਦੇ ਉੱਥਲ-ਪੁੱਥਲ ਭਰੇ ਦਿਨਾਂ 'ਚ ਵੀ ਆਈਨਸਟੀਨ ਲਗਾਤਾਰ ਉਸਦੇ ਵਿਰੋਧ 'ਚ ਬੋਲਦੇ ਰਹੇ। ਪ੍ਰਸਿੱਧ ਹੈ ਕਿ ਜਿਸ ਦਿਨ ਕੈਸਰ ਵਿਲਹੈਮ ਨੂੰ ਗੱਦੀਓਂ ਲਾਹਿਆ ਗਿਆ – ਪੰਦਰਾਂ ਦਿਨਾਂ ਦੇ ਅੰਦਰ ਨਾ ਸਿਰਫ਼ ਯੁੱਧ-ਵਿਰਾਮ ਹੋ ਗਿਆ ਸਗੋਂ ਸੱਤ ਹੋਰ ਯੂਰਪੀ ਰਾਜਕੀ ਢਾਂਚਿਆਂ ਦਾ ਵੀ ਪਤਨ ਹੋ ਗਿਆ ਅਤੇ ਉਹਨਾਂ ਦੀ ਥਾਂ ਫੌਰੀ ਤੌਰ 'ਤੇ ਉਦਾਰਵਾਦੀ ਅਤੇ ਸਮਾਜਵਾਦੀ ਸੱਤ੍ਹਾਵਾਂ ਕਾਇਮ ਹੋਈਆਂ। ਇਸ ਮੌਕ 'ਤੇ ਆਈਨਸਟੀਨ ਨੇ ਆਪਣੀ ਕਲਾਸ ਦੇ ਦਰਵਾਜੇ 'ਤੇ ਇਕ ਪੋਸਟਰ ਚਿਪਕਾਇਆ ਸੀ ਜਿਸ 'ਤੇ ਲਿਖਿਆ ਸੀ, "ਕਲਾਸ ਰੱਦ-ਇਨਕਲਾਬ"। ਜੰਗ ਦੌਰਾਨ ਉਹ ਜੰਗ-ਵਿਰੋਧੀ ਉਦਾਰਵਾਦੀ ਅਤੇ ਤਬਦੀਲੀ ਪਸੰਦ ਵਿਦਿਆਰਥੀਆਂ ਅਤੇ ਸਹਿਯੋਗੀਆਂ ਨਾਲ ਰਹੇ ਅਤੇ ਉਹਨਾਂ ਦਾ ਪੱਖ ਪੂਰਿਆ ਅਤੇ ਜੰਗ ਦੇ ਬਾਅਦ ਪਨਪ ਰਿਹਾ ਭਿਆਨਕ ਫੌਜੀ ਤਾਣਾ ਬਾਣਾ, ਜੋ ਤੇਜ਼ੀ ਨਾਲ਼ ਨਾਜੀਵਾਦ ਵਿੱਚ ਬਦਲਣ ਵਾਲਾ ਸੀ; ਵਿਰੁੱਧ ਟਾਕਰਾ ਲਹਿਰ ਵਿੱਚ ਉਹ ਫਿਰ ਉਹਨਾਂ ਨਾਲ਼ ਹੋ ਗਏ।

ਆਪਣੀ ਸਾਫ਼ਗੋਈ ਕਾਰਨ ਆਈਨਸਟੀਨ ਮੁੜ ਸਿਰ ਚੁੱਕ ਰਹੀ ਯਹੂਦੀ-ਵਿਰੋਧੀ ਜ਼ਹਿਰੀਲੀ ਵਿਚਾਰਧਾਰਾ ਦਾ ਨਿਸ਼ਾਨਾ ਬਣੇ। ਸੱਜੇਪੱਖੀ ਰਾਜਨੀਤੀਵਾਨਾਂ ਨੇ ਹੀ ਨਹੀਂ ਸਗੋਂ ਉਹਨਾਂ ਦੇ ਸਹਿਯੋਗੀ ਜਰਮਨ ਵਿਗਿਆਨਕਾਂ ਨੇ ਵੀ ਸਾਪੇਖਿਕਤਾ 'ਤੇ ਉਹਨਾਂ ਦੇ ਕੰਮ ਨੂੰ "ਯਹੂਦੀ ਵਿਗਾੜ" ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਹੁਣ ਤੱਕ ਆਈਨਸਟੀਨ ਇਕ ਕੌਮਾਂਤਰੀ ਪ੍ਰਸਿੱਧੀ ਵਾਲੇ ਵਿਅਕਤੀ ਬਣ ਚੁੱਕੇ ਸਨ। 1921 ਵਿੱਚ ਪ੍ਰਕਾਸ਼ ਬਿਜਲੀ ਅਸਰ (Photoelectric Effect) 'ਤੇ ਉਹਨਾਂ ਦੇ ਕੰਮ ਲਈ, ਜੋ ਪ੍ਰਕਾਸ਼ ਦੇ ਕਵਾਂਟਮ ਸੁਭਾਅ ਨੂੰ ਦਰਸਾਉਂਦਾ ਸੀ, ਉਹਨਾਂ ਨੂੰ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਮਿਲਿਆ। ਵਾਈਮਰ

ਗਣਰਾਜ ਦੇ ਸਮਾਜਕ ਅਤੇ ਸੱਭਿਆਚਾਰਕ ਜੀਵਨ ਵਿੱਚ ਵੀ ਉਹਨਾਂ ਨੇ ਆਪਣੀ ਪ੍ਰਤੱਖ ਹਾਜ਼ਰੀ ਕਾਰਜ ਕਰਵਾਈ। ਇਸੇ ਦੌਰਾਨ ਉਹ ਰਾਜਨੀਤਕ ਵਿਚਾਰਾਂ ਵਿੱਚ ਹੋਰ ਤਿੱਖੇ ਹੁੰਦੇ ਗਏ।

1920 ਦੇ ਦਹਾਕੇ ਵਿੱਚ ਜਰਮਨੀ ਵਿਚ ਤੇਜ਼ੀ ਨਾਲ਼ ਵੱਧਦੀ ਕੌਮਵਾਦੀ ਅਤੇ ਨਸਲਵਾਦੀ ਹਿੰਸਾ ਅਤੇ ਹਿੰਸਕ-ਕੌਮਪ੍ਰਸਤੀ ਦਾ ਵਿਰੋਧ ਕਰਨ ਲਈ ਉਹਨਾਂ ਨੇ ਯੂਰਪ ਨੂੰ ਇਕਜੁੱਟ ਕਰਨ ਦੀ ਦਿਸ਼ਾ ਵਿੱਚ ਕੰਮ ਕੀਤਾ ਅਤੇ ਵਧਦੀ ਯਹੂਦੀ-ਵਿਰੋਧੀ ਹਿੰਸਾ ਤੋਂ ਯਹੂਦੀਆਂ ਨੂੰ ਬਚਾਉਣ 'ਚ ਲੱਗੀਆਂ ਜੱਥੇਬੰਦੀਆਂ ਦੀ ਹਮਾਇਤ ਕੀਤੀ। ਉਹਨਾਂ 'ਚ ਸਮਾਨਤਾ ਦੀ ਡੂੰਘੀ ਭਾਵਨਾ ਸੀ - ਵਧਦੀਆਂ ਹੋਈਆਂ ਫੀਸਾਂ ਜਦੋਂ ਗਰੀਬ ਵਿਦਿਆਰਥੀਆਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਈਆਂ ਤਾਂ ਆਈਨਸਟੀਨ ਨੇ ਉਸਦਾ ਮੁਕਾਬਲਾ ਕਰਦੇ ਹੋਏ ਅਕਸਰ ਕਾਲਜ ਤੋਂ ਬਾਅਦ ਭੌਤਿਕ ਵਿਗਿਆਨ ਦੀ ਮੁਫ਼ਤ ਸਿੱਖਿਆ ਲਈ ਕਲਾਸਾਂ ਲਾਈਆਂ ਜਿਵੇਂ-ਜਿਵੇਂ ਯੂਰਪ ਦਾ ਆਰਥਿਕ-ਰਾਜਨੀਤਕ ਸੰਕਟ ਹੋਰ ਜ਼ਿਆਦਾ ਡੂੰਘਾ ਹੁੰਦਾ ਗਿਆ, ਆਈਨਸਟੀਨ ਰਾਜਨੀਤਕ ਸਵਾਲਾਂ ਨੂੰ ਉਠਾਉਣ ਲਈ ਵਿਗਿਆਨਕ ਸੰਮੇਲਨਾਂ ਦੇ ਮੰਚਾਂ ਦਾ ਕਾਫੀ ਜ਼ਿਆਦਾ ਇਸਤੇਮਾਲ ਕਰਨ ਲੱਗੇ। ਜੇਰੋਮ ਮੁਤਾਬਿਕ, "ਸਵੇਰੇ ਯੂਨੀਵਰਸਿਟੀ 'ਚ ਆਪਣੇ ਭਾਸ਼ਣ ਦੌਰਾਨ ਸਾਪੇਖਿਕਤਾ 'ਤੇ ਬਹਿਸ ਕਰਨ ਅਤੇ ਉਸੇ ਦਿਨ ਸ਼ਾਮ ਨੂੰ ਨੌਜਵਾਨਾਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨ ਵਿੱਚ ਕਿ ਉਹ ਫੌਜੀ ਸੇਵਾ ਵਿੱਚ ਜਾਣ ਤੋਂ ਮਨ੍ਹਾ ਕਰ ਦੇਣ - ਉਹਨਾਂ ਨੂੰ ਕੋਈ ਦਿੱਕਤ ਨਹੀਂ ਸੀ।"

1930 ਤੱਕ ਹਿਟਲਰ ਦੀ ਕੌਮੀ ਸਮਾਜਵਾਦੀ ਪਾਰਟੀ ਜਰਮਨੀ ਵਿੱਚ ਇਕ ਰਾਜਨੀਤਕ ਤਾਕਤ ਦੇ ਰੂਪ ਵਿੱਚ ਉਭਰਨ ਲੱਗੀ ਸੀ। ਭਾਵੇਂ ਆਈਨਸਟੀਨ ਆਪਣੇ ਦੇਸ਼ ਵਿੱਚ ਅਜੇ ਵੀ ਖੁੱਲ੍ਹ ਕੇ ਬੋਲਦੇ ਸਨ, ਪਰ ਨਾਲ ਹੀ ਉਹ ਆਪਣੇ ਵਿਗਿਆਨਕ ਅਤੇ ਰਾਜਨੀਤਕ ਪ੍ਰਗਟਾਅ ਦੀ ਆਜ਼ਾਦੀ ਲਈ ਵਿਦੇਸ਼ ਜਾਣ ਦੇ ਅਨੁਕੂਲ ਮੌਕੇ ਦੀ ਤਲਾਸ਼ ਵੀ ਕਰਨ ਲੱਗੇ ਸਨ। ਉਹਨਾਂ ਨੇ ਬ੍ਰਿਟੇਨ, ਨੀਦਰਲੈਂਡ ਅਤੇ ਯੂਰਪ ਦੀਆਂ ਕਈ ਥਾਵਾਂ 'ਤੇ ਆਪਣੇ ਭਾਸ਼ਣ ਦਿੱਤੇ। 1930 ਦੇ ਬਾਅਦ ਤੋਂ ਹੀ ਉਹ ਹਰ ਸਾਲ ਕੈਲਫੋਰਨੀਆ ਇੰਸਟੀਟਿਊਟ ਆਫ ਟੈਕਨਾਲੋਜੀ ਵਿੱਚ ਮਹਿਮਾਨ ਪ੍ਰੋਫੈਸਰ ਦੇ ਰੂਪ ਵਿੱਚ ਜਾਣ ਲੱਗੇ। 30 ਜਰਵਰੀ 1933 ਨੂੰ ਸੱਤ੍ਹਾ 'ਤੇ ਕਬਜ਼ਾ ਕਰਦਿਆਂ ਹੀ ਨਾਜੀਆਂ ਨੇ ਆਈਨਸਟੀਨ ਦੀ ਸੰਪਤੀ ਜ਼ਬਤ ਕਰ ਲਈ। ਮਈ ਵਿੱਚ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਗੋਬੇਲਜ਼ ਨੇ ਕਿਤਾਬਾਂ ਨੂੰ ਸਾਂਝੇ ਰੂਪ ਨਾਲ਼ ਸਾੜਨ ਦੀ ਮੁਹਿੰਮ ਸ਼ੁਰੂ ਕੀਤੀ ਜਿਸ ਵਿੱਚ ਅਜਿਹੀਆਂ ਕਿਤਾਬਾਂ ਨੂੰ ਖਾਸ ਕਰਕੇ ਸਾੜਿਆ ਗਿਆ, ਜਿਨ੍ਹਾਂ ਵਿੱਚ ਆਈਨਸਟੀਨ ਦੀਆਂ ਰਚਨਾਵਾਂ ਛਪੀਆਂ ਸਨ। ਇਸ ਬੇਰਹਿਮੀ ਦੀਆਂ ਤਸਵੀਰਾਂ ਪੂਰੀ ਦੁਨੀਆਂ ਵਿੱਚ ਛਪੀਆਂ। ਨਾਜੀ ਅਖ਼ਬਾਰਾਂ ਵਿੱਚ ਉਹਨਾਂ ਦੀ ਹੱਤਿਆ ਲਈ ਵੱਡੇ ਇਨਾਮ ਐਲਾਨੇ ਗਏ। ਸਿੱਟੇ ਵਜੋਂ ਆਈਨਸਟੀਨ ਨੂੰ ਨੀਦਰਲੈਂਡ ਵਿੱਚ ਭਾਸ਼ਣ ਦੇਣ ਲਈ ਕੀਤੀ ਗਈ ਆਪਣੀ ਯਾਤਰਾ ਦੌਰਾਨ ਹਿਫਾਜਤੀ ਦਸਤੇ ਦਾ ਸਹਾਰਾ ਲੈਣਾ ਪਿਆ। ਉਸੇ ਸਿਆਲ ਵਿੱਚ ਆਪਣੇ ਕਾਲਤੇਕ ਪ੍ਰਵਾਸ ਦੌਰਾਨ

ਆਈਨਸਟੀਨ ਅਤੇ ਉਹਨਾਂ ਦੇ ਪਰਿਵਾਰ ਨੇ ਬਰਲਿਨ ਨਾ ਪਰਤਣ ਦਾ ਫੈਸਲਾ ਕੀਤਾ। ਇਸਦੀ ਬਜਾਇ ਉਹਨਾਂ ਨੇ ਨਿਊਜਰਸੀ ਦੇ ਪ੍ਰਿੰਸਟਨ ਸ਼ਹਿਰ ਵਿੱਚ ਸਥਿਤ 'ਇੰਸਟੀਟਿਊਟ ਆਫ਼ ਐਡਵਾਂਸਡ ਸਟੱਡੀਜ਼' ਵੱਲੋਂ ਮਿਲੇ ਇਕ ਆਜੀਵਨ ਨਿਯੁਕਤੀ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਅਤੇ 'ਮਰਸਰ ਸਟ੍ਰੀਟ' 'ਤੇ ਇਕ ਮਾਮੂਲੀ ਜਿਹੇ ਘਰ ਵਿੱਚ ਰਹਿਣ ਲੱਗੇ।

ਉੱਥੇ, ਆਪਣੇ ਉਸ ਨਵੇਂ ਦੇਸ਼ ਦੇ ਅਨੁਰੂਪ ਖੁਦ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਹੋਏ ਧੁਨ ਦੇ ਪੱਕੇ ਆਈਨਸਟੀਨ ਨੇ ਯੂਨੀਫਾਈਡ ਫੀਲਡ ਥਿਓਰੀ 'ਤੇ ਕੰਮ ਸ਼ੁਰੂ ਕੀਤਾ ਜੋ ਇਹ ਦਿਖਾਉਣ ਦਾ ਯਤਨ ਸੀ ਕਿ ਇਲੈਕਟ੍ਰੋਮੈਗਨੇਟਿਜ਼ਮ ਅਤੇ ਗਰੂਤਾ ਖਿੱਚ ਇਕੋ ਹੀ ਮੁੱਢਲੀ ਘਟਨਾ ਦੇ ਦੋ ਵੱਖਰੇ ਪ੍ਰਗਟਾਅ ਹਨ। ਇਹੀ ਵਿਸ਼ਾ ਉਹਨਾਂ ਦੇ ਬਾਕੀ ਜੀਵਨ ਲਈ ਇਕ ਪ੍ਰਮੁੱਖ ਵਿਗਿਆਨਕ ਸਰੋਕਾਰ ਬਣਿਆ ਰਿਹਾ ਅਤੇ ਅੱਜ ਵੀ ਸਮਕਾਲੀਨ ਭੌਤਿਕ-ਵਿਗਿਆਨ ਅਤੇ ਖਗੋਲ-ਵਿਗਿਆਨ ਨੂੰ ਜੀਵਨ ਦੇ ਰਿਹਾ ਹੈ।

1940 ਵਿੱਚ ਅਮਰੀਕੀ ਨਾਗਰਿਕਤਾ ਮਿਲਣ ਤੋਂ ਕਈ ਸਾਲ ਪਹਿਲਾਂ ਆਈਨਸਟੀਨ ਦੇ ਮੁੱਖ ਰਾਜਨੀਤਕ ਸਰੋਕਾਰ ਯਹੂਦੀ ਵਿਰੋਧੀ ਲੁੱਟਮਾਰ ਅਤੇ ਫਾਸਿਜ਼ਮ ਦੇ ਉਭਾਰ 'ਤੇ ਕੇਂਦਰਿਤ ਸਨ। ਇਕ ਵਾਰ ਫਿਰ ਆਪਣੀ ਪ੍ਰਸਿੱਧੀ ਦੀ ਵਰਤੋਂ ਕਰਦੇ ਹੋਏ ਉਹਨਾਂ ਨੇ ਕੋਰਟ ਵਿੱਚ ਇਹ ਅਰਜ਼ੀ ਦਰਜ ਕੀਤੀ ਕਿ ਰਫਿਊਜੀਆਂ ਨੂੰ ਅਮਰੀਕਾ 'ਚ ਆ ਕੇ ਵਸਣ ਦਿੱਤਾ ਜਾਵੇ, ਪਰ ਇਹ ਕੋਸ਼ਿਸ਼ ਬੇਕਾਰ ਗਈ। ਉਸਤੋਂ ਬਾਅਦ ਯੂਰਪ ਦੇ ਦੂਸਰੇ ਬੁੱਧੀਜੀਵੀਆਂ ਨਾਲ਼ ਰਲ਼ਕੇ ਉਹਨਾਂ ਨੇ ਏਲੀਨੋਰ ਰੂਜ਼ਵੇਲਟ ਅੱਗੇ ਇੱਛਾ ਰੱਖੀ ਕਿ ਉਹ ਆਪਣੇ ਪਤੀ ਨੂੰ ਦਖ਼ਲ ਦੇਣ ਲਈ ਕਹੇ, ਪਰ ਨਤੀਜਾ ਉਹੀ ਰਿਹਾ। ਅਮਰੀਕੀ ਹਕੂਮਤ ਨਾਲ਼ ਇਹ ਆਈਨਸਟੀਨ ਦਾ ਕੋਈ ਪਹਿਲਾ ਟਕਰਾਅ ਨਹੀਂ ਸੀ। ਉਹਨਾਂ ਨੇ ਸਪੇਨ ਦੀ ਘਰੇਲੂ ਜੰਗ ਵਿੱਚ ਫ੍ਰਾਂਕੋ ਵਿਰੋਧੀ ਤਾਕਤਾਂ ਦੀ ਜ਼ੋਰਦਾਰ ਤਰੀਕੇ ਨਾਲ਼ ਅਤੇ ਖੁਲ੍ਹੇਆਮ ਹਮਾਇਤ ਕੀਤੀ। ਜਦੋਂ ਨਾਜੀ ਬੰਬ ਸੁੱਟਣ ਵਾਲਿਆਂ ਨੇ ਸਪੇਨ ਦੇ ਪਿੰਡਾਂ 'ਤੇ ਬੰਬਾਰੀ ਕੀਤੀ ਤਾਂ ਫ਼ਰਾਂਸ ਅਤੇ ਬ੍ਰਿਟੇਨ ਦੇ ਨਾਲ਼ ਨਾਲ਼ ਅਮਰੀਕਾ ਨੇ ਵੀ "ਨਿਰਪੱਖ" ਹੋਣ ਦਾ ਪਾਖੰਡ ਕਰਦੇ ਹੋਏ ਸਪੇਨ ਦੀ ਨਾਕਾਬੰਦੀ ਕਰ ਦਿੱਤੀ ਅਤੇ ਇਵੇਂ ਗਣਰਾਜ ਲਈ ਲੜ ਰਹੇ ਫੌਜੀਆਂ ਨੂੰ ਜੰਗ ਸਮੱਗਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ। ਜੱਥੇਬੰਦ ਰੋਸ ਵਿਖਾਵਿਆਂ ਅਤੇ ਅਪੀਲਾਂ ਦੇ ਬਾਵਜੂਦ, ਜਿਨ੍ਹਾਂ ਨਾਲ਼ ਆਈਨਸਟੀਨ ਦਾ ਨਾਂ ਵੀ ਜੁੜਿਆ ਹੋਇਆ ਸੀ, ਨਾਕਾਬੰਦੀ ਕਦੇ ਨਹੀਂ ਹਟਾਈ ਗਈ ਅਤੇ ਸਪੇਨ 'ਤੇ ਥੋਪੀ ਗਈ ਫਾਸੀਵਾਦੀ ਸੱਤ੍ਹਾ (ਜੰਗ ਤੋਂ ਬਾਅਦ ਦੇ ਸਮੇਂ ਵਿੱਚ ਅਮਰੀਕੀ ਸਹਾਇਤਾ ਦੀ ਮੱਦਦ ਨਾਲ) ਲਗਭਗ ਚਾਰ ਦਹਾਕਿਆਂ ਤੱਕ ਕਾਇਮ ਰਹੀ। ਇਬਰਾਹਿਮ ਲਿੰਕਨ ਬ੍ਰਿਗੇਡ ਦੇ 3000 ਅਮਰੀਕੀ ਵਲੰਟੀਅਰਾਂ ਨੇ ਆਪਣੀ ਸਰਕਾਰ ਦੀ ਉਲੰਘਣਾ ਕਰਦੇ ਹੋਏ ਸਪੇਨ ਦੇ ਗਣਰਾਜ ਹਮਾਇਤੀਆਂ ਨਾਲ ਮਿਲ ਕੇ ਲੜਾਈ ਲੜੀ। ਆਈਨਸਟੀਨ ਸ਼ੁਰੂ ਤੋਂ ਹੀ ਉਹਨਾਂ ਦੇ ਉਤਸ਼ਾਹੀ ਹਮਾਇਤੀ ਸਨ।

1939 ਵਿੱਚ ਆਈਨਸਟੀਨ ਨੇ ਨਾਜੀਆਂ ਦੁਆਰਾ ਦੇਸ਼ੋਂ ਕੱਢੇ ਗਏ ਰਫਿਊਜੀ ਦੋਸਤ ਅਤੇ ਭੌਤਿਕ ਵਿਗਿਆਨੀ, ਲਿਓ ਜਿਲਾਰਡ ਦੀ ਬੇਨਤੀ 'ਤੇ ਰਾਸ਼ਟਰਪਤੀ ਰੂਜਵੇਲਟ

ਨੂੰ ਇਹ ਚੇਤਾਵਨੀ ਦਿੰਦੇ ਹੋਏ ਖ਼ਤ ਲਿਖਿਆ ਕਿ ਜਰਮਨੀ ਪ੍ਰਮਾਣੂ ਖੋਜ ਵਿੱਚ ਅੱਗੇ ਜਾ ਰਿਹਾ ਹੈ ਅਤੇ ਇਸ ਗੱਲ ਦੇ ਆਸਾਰ ਹਨ ਕਿ ਉਹ ਜਲਦੀ ਹੀ ਪ੍ਰਮਾਣੂ ਹਥਿਆਰ ਵਿਕਸਿਤ ਕਰ ਸਕਦਾ ਹੈ। ਇਸ ਖ਼ਤ ਦੇ ਮਿਲਣ ਬਾਅਦ ਅਮਰੀਕਾ ਵਿੱਚ ਅਜਿਹਾ ਹੀ ਬੰਬ ਬਣਾਉਣ ਦੇ ਯਤਨ ਹੋਣ ਲੱਗੇ। ਇਹ ਆਈਨਸਟੀਨ ਦੀ ਸਭ ਤੋਂ ਯਾਦਗਾਰ ਸਰਵਜਨਕ ਸਰਗਰਮੀ ਸੀ। ਫਿਰ ਵੀ, ਆਪਣੇ ਰੈਡੀਕਲ ਵਿਚਾਰਾਂ ਅਤੇ ਖੁਦ ਆਪਣੀ ਦਿਲਚਸਪੀ ਨਾ ਹੋਣ ਕਾਰਨ ਆਈਨਸਟੀਨ ਮੇਨਹੱਟਨ ਯੋਜਨਾ ਤੋਂ ਦੂਰ ਹੀ ਰਹੇ।

ਸੰਸਾਰ ਜੰਗ ਤੋਂ ਬਾਅਦ ਆਈਨਸਟੀਨ ਨੇ ਹੀਰੋਸ਼ਿਮਾ ਅਤੇ ਨਾਗਾਸਾਕੀ ਦੇ ਤਬਾਹ ਹੋਣ ਵਿਰੁੱਧ ਅਵਾਜ਼ ਬੁਲੰਦ ਕੀਤੀ। ਫ੍ਰੇਡ ਜੇਰੋਮ, ਲੰਡਨ ਦੇ 'ਸੰਡੇ ਐਕਸਪ੍ਰੈਸ' ਅਖ਼ਬਾਰ ਨੂੰ 1946 ਵਿੱਚ ਦਿੱਤੇ ਗਏ ਇਕ ਇੰਟਰਵਿਊ ਦਾ ਜ਼ਿਕਰ ਕਰਦੇ ਹਨ ਜਿਸ ਵਿਚ ਆਈਨਸਟੀਨ ਨੇ "ਜਾਪਾਨ 'ਤੇ ਕੀਤੀ ਗਈ ਬੰਬਾਰੀ ਲਈ (ਰਾਸ਼ਟਰਪਤੀ) ਟਰੂਮੈਨ ਦੀ ਸੋਵੀਅਤ ਵਿਰੋਧੀ ਵਿਦੇਸ਼ ਨੀਤੀ ਨੂੰ ਦੋਸ਼ੀ ਮੰਨਿਆ ਸੀ" ਅਤੇ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ "ਜੇਕਰ ਅਮਰੀਕਾ ਨੇ ਯੁੱਧ ਆਪ ਝੱਲਿਆ ਹੁੰਦਾ ਤਾਂ ਹੀਰੋਸ਼ਿਮਾ 'ਤੇ ਕਦੇ ਵੀ ਬੰਬ ਨਾ ਸੁੱਟੇ ਹੁੰਦੇ।" ਜੇਰੋਮ ਜ਼ਿਕਰ ਕਰਦੇ ਹਨ ਕਿ ਇਹ ਇੰਟਰਵਿਊ, ਫੌਰਨ ਹੀ ਆਈਨਸਟੀਨ ਦੀ ਮੋਟੀ ਹੁੰਦੀ ਐੱਫ. ਬੀ. ਆਈ. ਫਾਈਲ ਵਿੱਚ ਨੱਥੀ ਕਰ ਦਿੱਤਾ ਗਿਆ ਸੀ।

ਜੰਗ ਦੇ ਬਾਅਦ ਦੇ ਕੁੱਝ ਵਰ੍ਹਿਆਂ ਵਿੱਚ ਅਮਰੀਕਾ ਦੇ ਕੌਮਾਂਤਰੀ ਅਤੇ ਘਰੇਲੂ ਮਨਸੂਬਿਆਂ ਖ਼ਾਤਰ ਹਮਾਇਤ ਜੁਟਾਉਣ ਲਈ ਸਰਕਾਰ ਅਤੇ ਕਾਰੋਬਾਰੀ ਘੇਰੇ ਵਿੱਚ ਝੂਠ-ਫਰੇਬ ਰਾਹੀਂ ਫੈਲਾਏ ਗਏ ਇੱਕ ਕਮਿਊਨਿਸਟ ਵਿਰੋਧੀ ਜਨੂੰਨ ਦਾ ਬੋਲਬਾਲਾ ਰਿਹਾ। ਮਈ 1945 ਵਿੱਚ ਜਰਮਨੀ ਦੀ ਹਾਰ ਅਤੇ ਅਗਸਤ ਵਿੱਚ ਹੀਰੋਸ਼ਿਮਾ 'ਤੇ ਬੰਬਾਰੀ ਵਿਚਲੇ ਮਹੀਨਿਆਂ ਵਿੱਚ ਮੈਨਹੱਟਨ ਯੋਜਨਾ ਦੇ ਜਿਹੜੇ ਵਿਗਿਆਨਕਾਂ ਦਰਮਿਆਨ ਬੰਬ ਦੇ ਇਸਤੇਮਾਲ ਨੂੰ ਲੈ ਕੇ ਬਹਿਸ ਚੱਲੀ ਸੀ, ਉਹ ਬੰਬ ਸਬੰਧੀ ਜੁੜੇ ਹੋਏ ਮੁੱਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਹਨਾਂ ਵਿੱਚੋਂ ਬਹੁਤੇ ਲੋਕ ਅਮਰੀਕਾ ਅਤੇ ਸੋਵੀਅਤ ਸੰਘ ਦਰਮਿਆਨ ਪ੍ਰਮਾਣੂ ਹਥਿਆਰਾਂ ਦੀ ਦੌੜ ਨੂੰ ਲੈ ਕੇ ਡਰੇ ਹੋਏ ਸਨ। ਇਸ ਸੰਭਾਵਨਾ ਵਿਰੁੱਧ ਇਕਜੁੱਟ ਹੋਣ ਲਈ ਉਹਨਾਂ ਨੇ 'ਪ੍ਰਮਾਣੂ ਵਿਗਿਆਨਕਾਂ ਦੀ ਐਮਰਜੈਂਸੀ ਕਮੇਟੀ (ਈ. ਸੀ. ਏ. ਐੱਮ.)' ਬਣਾਈ ਜਿਸ ਦੀ ਪ੍ਰਧਾਨਗੀ ਕਰਨ ਲਈ ਆਈਨਸਟੀਨ ਤਿਆਰ ਹੋ ਗਏ। ਆਪਣੀ ਇਸ ਭੂਮਿਕਾ ਵਿੱਚ ਆਈਨਸਟੀਨ ਨੇ ਸਭ ਤੋਂ ਪਹਿਲਾਂ ਅਮਰੀਕੀ ਵਿਦੇਸ਼ ਮੰਤਰੀ ਜਾਰਜ ਸੀ. ਮਾਰਸ਼ਲ ਨੂੰ ਮਿਲ ਕੇ ਅਮਰੀਕੀ ਤਾਕਤ ਦੇ ਫੌਜੀ ਢਾਂਚੇ ਦੇ ਵਿਸਤਾਰ ਬਾਰੇ ਚਰਚਾ ਕਰਨ ਦਾ ਯਤਨ ਕੀਤਾ। ਇਸ 'ਤੇ ਉਹਨਾਂ ਨੂੰ ਜ਼ਲੀਲ ਕਿਤਾ ਗਿਆ, ਪਰ ਪ੍ਰਮਾਣੂ ਊਰਜਾ ਅਦਾਰੇ ਦੇ ਇਕ ਦਰਮਿਆਨੇ ਪੱਧਰ ਦੇ ਅਧਿਕਾਰੀ ਨਾਲ਼ ਇਕ ਇੰਟਰਵਿਊ ਵਿੱਚ ਉਹਨਾਂ ਨੇ ਟਰੂਮੈਨ ਦੀ ਵਿਦੇਸ਼ ਨੀਤੀ ਨੂੰ 'ਸੋਵੀਅਤ ਵਿਰੋਧੀ ਵਿਸਤਾਰਵਾਦ' ਦੱਸਿਆ – ਅਮਰੀਕਾ ਦੇ ਸਾਮਰਾਜਵਾਦੀ ਮਨਸੂਬਿਆਂ ਲਈ ਉਹਨਾਂ ਨੇ "ਵਡੇਰੇ ਅਮਰੀਕਾ (ਪੈਕਸ ਅਮਰੀਕਾ)" ਸ਼ਬਦ ਵਰਤਿਆ। ਐਮਰਜੈਂਸੀ ਕਮੇਟੀ ਦੇ ਪ੍ਰਮਾਣੂ ਹਥਿਆਰ ਵਿਰੋਧੀ ਸੁਨੇਹੇ ਨੂੰ ਲੋਕਾਂ ਵਿੱਚ

ਚੰਗਾ ਹੁੰਗਾਰਾ ਮਿਲਿਆ, ਪਰ ਅੰਤ ਨੂੰ ਇਹ ਸਮੂਹ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਨੂੰ ਫੌਜ ਦੇ ਕੰਟਰੋਲ ਤੋਂ ਬਾਹਰ ਰੱਖਣ ਅਤੇ ਇਸ ਨੂੰ ਕੌਮਾਂਤਰੀ ਕੰਟਰੋਲ ਵਿੱਚ ਲਿਆਉਣ ਦੇ ਆਪਣੇ ਮੰਤਵ ਨੂੰ ਪ੍ਰਾਪਤ ਨਹੀਂ ਕਰ ਸਕਿਆ।

1940 ਦੇ ਦਹਾਕੇ ਵਿੱਚ ਆਈਨਸਟੀਨ ਦਾ ਦੂਸਰਾ ਪ੍ਰਮੁੱਖ ਸਰੋਕਾਰ ਸੀ ਅਮਰੀਕਾ ਵਿੱਚ ਗੋਰੀ ਨਸਲ ਦਾ ਖੁਦ ਨੂੰ ਸਰਵੋਤਮ ਸਮਝਣਾ ਜਿਸ ਦਾ ਪ੍ਰਗਟਾਅ ਨਸਲਵਾਦੀ ਤੁਅੱਸਬ, ਅਲਹਿਦਗੀ, ਗੈਰ ਕਾਨੂੰਨੀ ਰੂਪ ਨਾਲ਼ ਹੱਤਿਆਵਾਂ ਅਤੇ ਹੋਰ ਕਈ ਰੂਪਾਂ ’ਚ ਹੁੰਦੀ ਸੀ। ਜੰਗ ਦੌਰਾਨ ਬਰਾਬਰੀ ਦਾ ਵਾਅਦਾ ਕਰਕੇ ਪੂਰੇ ਦੇਸ਼ ਨੂੰ ਜੰਗ ਖੇਤਰ ਵਿੱਚ ਅਤੇ ਘਰੇਲੂ ਮੋਰਚਿਆਂ ਦੋਨਾਂ ਥਾਵਾਂ ’ਤੇ ਯੁੱਧ ਦੀ ਹਮਾਇਤ ’ਚ ਇਕਜੁੱਟ ਕਰ ਲਿਆ ਗਿਆ ਸੀ। ਪਰ ਅਸਲ ਵਿੱਚ, ਨਸਲਵਾਦੀ ਨਿਆਂ ਬਾਰੇ ਸਰਕਾਰੀ ਹੁਕਮ ਵਿੱਚ ਕੁੱਲ ਮਿਲਾਕੇ ਕਾਫੀ ਘਾਲਮੇਲ ਸੀ। ਅਮਰੀਕੀ ਸਰਕਾਰ ਨੇ ਇਕ ਉਚਿੱਤ ਰੁਜ਼ਗਾਰ ਪ੍ਰਕਿਰਿਆ ਕਮੇਟੀ ਬਣਾਈ ਜਿਸ ਬਾਰੇ ਵਾਅਦੇ ਤਾਂ ਬੜੇ ਕੀਤੇ ਗਏ ਸਨ, ਪਰ ਮੌਕੇ ’ਤੇ ਹੋਣ ਵਾਲੇ ਵਿਤਕਰੇ ਨੂੰ ਰੋਕ ਸਕਣ ਦੀ ਤਾਕਤ ਉਹਨਾਂ ਕੋਲ ਨਹੀਂ ਸੀ। ਇਕ ਕਰੋੜ ਦਸ ਲੱਖ ਦੀ ਗਿਣਤੀ ਵਾਲੀ ਫੌਜ ਨੂੰ ਤਾਂ ਇਸ ਤੋਂ ਅਣਛੁਹਿਆ ਹੀ ਰੱਖਿਆ ਗਿਆ ਸੀ। ਜੰਗ ਦੇ ਸਿੱਟੇ ਵਜੋਂ ਫੈਲੀ ਆਰਥਿਕ ਬੇਤਰਤੀਬੀ, ਰੁਜ਼ਗਾਰਾਂ ਦਾ ਉਜੜਨਾ ਅਤੇ ਘਰਾਂ ਦੀਆਂ ਕਮੀਆਂ ਵਰਗੀਆਂ ਸਾਰੀਆਂ ਸਮੱਸਿਆਵਾਂ ਨਾਲ ਨਿੱਬੜਨ ਲਈ ਆਮ ਤੌਰ ’ਤੇ ‘ਜਿਮ ਕ੍ਰੋ’ (19ਵੀਂ ਸਦੀ ਤੱਕ ਅਮਰੀਕਾ ਦੇ ਦੱਖਣ ਵਿੱਚ ਕਾਲੇ ਲੋਕਾਂ ਨੂੰ ਬੇਇੱਜਤ ਕਰਨ ਲਈ ਗੋਰੇ ਬਹੁਰੂਪੀਆਂ ਰਾਹੀਂ ਖੇਡੇ ਜਾਣ ਵਾਲੇ ਸਵਾਂਗ ਦਾ ਇਕ ਨੀਗਰੋ ਪਾਤਰ, ਜੋ ਅੱਗੇ ਜਾ ਕੇ ਨਸਲੀ ਭੇਦਭਾਵ ਦਾ ਪ੍ਰਤੀਕ ਬਣ ਗਿਆ।) ਤਰੀਕੇ ਹੀ ਅਪਣਾਏ ਗਏ। ਲੀਡਬੇਲੀ ਦੇ ਗੀਤ ਦੇ ਸ਼ਬਦਾਂ ਵਿਚ, “ਜੇ ਤੂੰ ਕਾਲਾ ਹੈ, ਤਾਂ ਪਰ੍ਹਾਂ ਹੱਟ, ਪਰ੍ਹਾਂ ਹੱਟ, ਪਰ੍ਹਾਂ ਹੱਟ।”

ਨਿਊਜਰਸੀ ਦਾ ਪ੍ਰਿੰਸਟਨ ਸ਼ਹਿਰ, ਜਿੱਥੇ ਆਈਨਸਟੀਨ ਰਹਿ ਰਹੇ ਸਨ (ਅਤੇ ਜਿੱਥੇ ਉਹਨਾਂ ਦੀ ਯੂਨੀਵਰਸਿਟੀ ਸੀ) ਭਾਵੇਂ ਨਿਊਯਾਰਕ ਤੋਂ ਥੋੜ੍ਹੀ ਹੀ ਦੂਰੀ ’ਤੇ ਸੀ ਪਰ ਉਹ ਪੁਰਾਣੇ ਦੱਖਣੀ ਰਾਜਾਂ ਦੇ ਸੰਘ ਵਿੱਚ ਰਿਹਾ ਸੀ। ਪ੍ਰਿੰਸਟਨ ਵਿੱਚ ਪੈਦਾ ਹੋਏ ਪਾਲ ਰਾਬਸਨ ਆਪਣੇ ਇਸ ਸ਼ਹਿਰ ਨੂੰ “ਜਾਰਜੀਅਨ ਬਾਗਾਂ ਦਾ ਸ਼ਹਿਰ” ਕਿਹਾ ਕਰਦੇ ਸਨ। ਅਫ਼ਰੀਕੀ ਅਮਰੀਕੀਆਂ ਲਈ ਉੱਥੇ ਘਰ, ਰੁਜ਼ਗਾਰ ਵਰਗੀਆਂ ਬੁਨਿਆਦੀ ਸੁਵਿਧਾਵਾਂ ਅਤੇ ਯੂਨੀਵਰਸਿਟੀ ਵਿੱਚ ਦਾਖਲੇ ਤੱਕ ਦੀ ਮਨਾਹੀ ਆਮ ਗੱਲ ਸੀ (ਇੱਕ ਜ਼ਮਾਨੇ ਵਿੱਚ ਵੱਖਵਾਦੀ ਵੁਡਰੋ ਵਿਲਸਨ ਨੇ ਇਸਦੀ ਅਗਵਾਈ ਕੀਤੀ)। ਇਸਦਾ ਵਿਰੋਧ ਜਾਂ ਉਲੰਘਣਾ ਕਰਨ ਵਾਲਿਆਂ ਨੂੰ ਅਕਸਰ ਹੀ ਪੁਲਿਸ ਦੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜਰਮਨੀ ਵਿੱਚ ਇਵੇਂ ਦੇ ਨਜ਼ਾਰਿਆਂ ਦੇ ਚਸ਼ਮਦੀਦ ਅਤੇ ਲੰਮੇ ਸਮੇਂ ਦੇ ਨਸਲਵਾਦ ਵਿਰੋਧੀ ਹਰ ਘੋਲ਼ ਦੇ ਯੋਧਾ, ਆਈਨਸਟੀਨ ਨੇ ਅਜਿਹੇ ਹਰ ਅੱਤਿਆਚਾਰ ਵਿਰੁੱਧ ਆਵਾਜ਼ ਬੁਲੰਦ ਕੀਤੀ। 1937 ਵਿੱਚ ਜਦੋਂ ਦੱਬੀ ਕੁਚਲੀ ਔਰਤ ਦੀ ਆਵਾਜ਼– ਮੇਰੀਅਨ ਏਂਜਰਸਨ ਨੇ ਪ੍ਰਿੰਸਟਨ ਦੇ ਇਕ ਸੰਗੀਤ ਸਮਾਰੋਹ ਵਿੱਚ ਆਪਣਾ ਪ੍ਰੋਗਰਾਮ ਕੀਤਾ, ਤਾਂ ਦਰਸ਼ਕਾਂ ਨੇ ਖੂਬ ਤਾੜੀਆਂ

ਵਜਾਈਆਂ, ਪਰ ਵੱਖਵਾਦੀ 'ਨਸਾਊ ਇੰਨ' ਹੋਟਲ ਵਿੱਚ ਉਹਨਾਂ ਨੂੰ ਠਹਿਰਨ ਤੋਂ ਰੋਕ ਦਿੱਤਾ ਗਿਆ। ਸਮਾਰੋਹ ਵਿੱਚ ਮੌਜੂਦ ਆਈਨਸਟੀਨ ਨੇ ਫੌਰਨ ਉਹਨਾਂ ਨੂੰ ਆਪਣੇ ਘਰ ਰੁਕਣ ਲਈ ਸੱਦਾ ਦਿੱਤਾ। ਉਹ ਆਈਨਸਟੀਨ ਦੇ ਘਰ ਹੀ ਰੁਕੀ ਅਤੇ ਨਿਊਜਰਸੀ ਵਿੱਚ ਜਦੋਂ ਵੀ ਗਾਉਣ ਆਉਂਦੀ ਤਾਂ ਉਹਨਾਂ ਦੇ ਹੀ ਘਰ ਦੀ ਮਹਿਮਾਨ ਬਣਦੀ ਸੀ, ਇੱਥੋਂ ਤੱਕ ਕਿ ਹੋਟਲ ਵਿੱਚ ਭੇਦਭਾਵ ਖ਼ਤਮ ਹੋ ਜਾਣ ਦੇ ਬਾਅਦ ਵੀ ਉਹ ਉਹਨਾਂ ਦੇ ਕੋਲ ਹੀ ਰੁਕਦੀ ਰਹੀ।

1946 ਵਿੱਚ ਕਾਲੇ ਲੋਕਾਂ 'ਤੇ ਝੂਠੇ ਦੋਸ਼ ਲਗਾ ਕੇ ਗੈਰ ਕਾਨੂੰਨੀ ਰੂਪ ਨਾਲ਼ ਮਾਰ ਸੁੱਟਣ ਦੀ ਕੌਮ-ਪੱਧਰੀ ਲਹਿਰ ਚੱਲੀ ਤਾਂ ਇਸਦਾ ਅੰਤ ਕਰਨ ਲਈ ਛੇੜੇ ਗਏ ਧਰਮ ਯੁੱਧ ਵਿੱਚ ਬਰਾਬਰੀ ਦੇ ਸਹਿਯੋਗੀ ਦੇ ਤੌਰ 'ਤੇ ਸ਼ਾਮਿਲ ਹੋਣ ਲਈ ਪਾਲ ਰਾਬਸਨ ਨੇ ਆਈਨਸਟੀਨ ਨੂੰ ਸੱਦਾ ਭੇਜਿਆ। ਡਬਲਿਯੂ. ਈ. ਬੀ. ਡੂ ਬੋਇਸ ਅਤੇ ਨਾਗਰਿਕ ਆਜ਼ਾਦੀ ਲਹਿਰ ਨਾਲ ਜੁੜੇ ਕਈ ਹੋਰ ਲੋਕ ਵੀ ਇਸ ਸਮੂਹ 'ਚ ਸ਼ਾਮਿਲ ਸਨ। ਇਸ ਸਮੂਹ ਨੇ ਵਾਸ਼ਿੰਗਟਨ ਵਿੱਚ ਇਕ ਰੈਲੀ ਦਾ ਬੰਦੋਬਸਤ ਕੀਤਾ ਜਿਸ 'ਚ ਆਈਨਸਟੀਨ ਨੇ ਵੀ ਭਾਸ਼ਣ ਦੇਣਾ ਸੀ। ਬਿਮਾਰੀ ਕਰਕੇ ਉਹ ਰੈਲੀ 'ਚ ਤਾਂ ਸ਼ਾਮਿਲ ਨਹੀਂ ਹੋ ਸਕੇ, ਪਰ ਉਹਨਾਂ ਨੇ ਰਾਸ਼ਟਰਪਤੀ ਟਰੂਮੈਨ ਨੂੰ ਇਕ ਚਿੱਠੀ ਲਿਖਕੇ ਮੰਗ ਕੀਤੀ ਕਿ ਮਾਸੂਮ ਕਾਲੇ ਲੋਕਾਂ ਦੇ ਕਾਤਲਾਂ 'ਤੇ ਕੇਸ ਚਲਾਏ ਜਾਣ, ਇਹਨਾਂ ਹੱਤਿਆਵਾਂ ਨੂੰ ਰੋਕਣ ਲਈ ਇਕ ਸੰਘੀ ਕਾਨੂੰਨ ਬਣਾਇਆ ਜਾਵੇ ਅਤੇ ਮਿਸੀਸਿਪੀ ਦੇ ਨਸਲਵਾਦੀ ਸੈਨੇਟਰ ਥਿਯੋਡੋਰ ਜੀ. ਬਿਲਬੋ ਨੂੰ ਬੇਦਖਲ ਕਰ ਦਿੱਤਾ ਜਾਵੇ। ਇਹ ਚਿੱਠੀ ਰਾਬਸਨ ਨੇ ਪਹੁੰਚਾਈ ਪਰ ਜਦੋਂ ਉਹਨਾਂ ਨੇ ਟਰੂਮੈਨ ਨੂੰ ਕਿਹਾ ਕਿ ਜੇਕਰ ਸਰਕਾਰ ਕਾਲਿਆਂ ਦੀ ਹਿਫਾਜਤ ਨਹੀਂ ਕਰਦੀ ਤਾਂ ਇਹ ਕੰਮ ਉਹਨਾਂ ਨੂੰ ਆਪ ਹੀ ਕਰਨਾ ਪਵੇਗਾ, ਤਦ ਗੱਲਬਾਤ ਸਮੇਂ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤੀ ਗਈ। ਇਸ ਘਟਨਾ ਤੋਂ ਬਾਅਦ ਹੰਗਾਮਾ ਖੜ੍ਹਾ ਹੋ ਗਿਆ, ਪਰ ਆਈਨਸਟੀਨ ਨੇ ਆਪਣੀ ਚਿੱਠੀ 'ਚ ਰਾਬਸਨ ਨਾਲ ਸਹਿਮਤੀ ਪ੍ਰਗਟਾਈ ਅਤੇ ਲਿਖਿਆ ਕਿ "ਜਦੋਂ ਕਿਸੇ ਨਿਆਂਸੰਗਤ ਟੀਚੇ ਨੂੰ ਪੂਰਾ ਕਰਨ ਦੀ ਦ੍ਰਿੜ ਇੱਛਾ ਸ਼ਕਤੀ ਹੋਵੇ, ਤਾਂ ਕਾਨੂੰਨੀ ਰੁਕਾਵਟਾਂ ਨਾਲ਼ ਨਿੱਬੜਨ ਲਈ ਸਦਾ ਕੋਈ ਨਾ ਕੋਈ ਰਾਹ ਨਿਕਲ ਆਉਂਦਾ ਹੈ।" ਆਈਨਸਟੀਨ ਸਮਾਜਿਕ ਨਿਆਂ ਲਈ ਆਪਣੀ ਪ੍ਰਸਿੱਧੀ ਦੀ ਵਰਤੋਂ ਕਰਨ ਲਈ ਤਾਂ ਇਛੁੱਕ ਹੁੰਦੇ ਸਨ, ਪਰ ਇਸ ਪ੍ਰਸਿੱਧੀ ਤੋਂ ਮਿਲਣ ਵਾਲੀ ਇੱਜ਼ਤ ਨੂੰ ਉਹ ਦ੍ਰਿੜਤਾ ਨਾਲ਼ ਠੁਕਰਾ ਦਿੰਦੇ ਸਨ। ਇਸ ਦੀ ਇਕ ਛੋਟ ਵੀ ਸੀ। ਮਈ 1964 ਵਿੱਚ ਪੇਨ ਸਿਲਵੇਨੀਆ ਸਥਿਤ ਕਾਲੇ ਲੋਕਾਂ ਦੀ ਇਤਿਹਾਸਕ ਸੰਸਥਾ, ਲਿੰਕਨ ਯੂਨੀਵਰਸਿਟੀ ਦੇ ਪ੍ਰਧਾਨ ਹਾਰੇਸ ਮਾਨ ਬਾਂਡ ਨੇ ਉਹਨਾਂ ਨੂੰ ਆਨਰੇਰੀ ਡਿਗਰੀ ਪਦਵੀ ਦਿੱਤੀ। ਆਈਨਸਟੀਨ ਨੇ ਇਸ ਸਨਮਾਨ ਨੂੰ ਪ੍ਰਵਾਨ ਕੀਤਾ ਤੇ ਆਪਣਾ ਪੂਰਾ ਸਮਾਂ ਪੋਸਟ ਗਰੈਜੂਏਟ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਭਾਸ਼ਣ ਦੇਣ ਅਤੇ ਅਧਿਆਪਕਾਂ ਤੇ ਬੱਚਿਆਂ ਨਾਲ਼ ਗੱਲਾਂ ਕਰਨ ਅਤੇ ਉਹਨਾਂ ਨਾਲ਼ ਖੇਡਣ 'ਚ ਲੰਘਾਇਆ। ਉਸ ਸਮੇਂ ਦੇ ਯੂਨੀਵਰਸਿਟੀ ਪ੍ਰਧਾਨ ਦੇ ਨੌਜਵਾਨ ਪੁੱਤਰ, ਜੂਲੀਅਨ ਬਾਂਡ ਵੀ ਉਹਨਾਂ ਵਿੱਚੋਂ ਇਕ ਸਨ ਜੋ ਬਾਅਦ ਵਿੱਚ ਨਾਗਰਿਕ ਅਧਿਕਾਰ ਲਹਿਰ ਦੇ ਆਗੂ ਬਣੇ ਅਤੇ ਅੱਜ ਕੱਲ੍ਹ ਉਹ ਐਨ. ਏ.

ਏ. ਸੀ. ਪੀ. ਦੇ ਪ੍ਰਧਾਨ ਹਨ। ਪ੍ਰੈੱਸ ਨੇ ਇਸ ਘਟਨਾ ਨੂੰ ਅੱਖੋਂ ਓਹਲੇ ਕਰ ਦਿੱਤਾ ਪਰ ਆਪਣੇ ਭਾਸ਼ਣ 'ਚ ਆਈਨਸਟੀਨ ਨੇ ਕਿਹਾ, "ਅਮਰੀਕੀਆਂ ਦਾ ਸਮਾਜਿਕ ਨਜ਼ਰੀਆ..... ਮਨੁੱਖੀ ਆਤਮ ਸਨਮਾਨ ਅਤੇ ਸਮਾਨਤਾ ਦੀ ਉਹਨਾਂ ਦੀ ਸਮਝ ਸਿਰਫ਼ ਗੋਰੀ ਚਮੜੀ ਵਾਲਿਆਂ ਤੱਕ ਹੀ ਸੀਮਤ ਹੈ। ਮੈਂ ਜਿੰਨਾ ਜ਼ਿਆਦਾ ਆਪਣੇ ਅਮਰੀਕੀ ਹੋਣ ਬਾਰੇ ਸੋਚਦਾ ਹਾਂ, ਹਾਲਤਾਂ ਮੈਨੂੰ ਓਨੀ ਹੀ ਤਕਲੀਫ ਪਹੁੰਚਾਉਂਦੀਆਂ ਹਨ। ਇਸ ਸਹਿਅਪਰਾਧ, ਇਸ ਮਾਨਸਿਕ ਗੁੰਝਲ ਤੋਂ ਓਦੋਂ ਹੀ ਆਜ਼ਾਦ ਹੋ ਸਕਾਂਗਾ, ਜਦੋਂ ਮੈਂ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕਰਾਂ।"

ਰਾਜਨੀਤਕ ਵਚਨਬੱਧਤਾ ਪ੍ਰਤੀ ਉਹੀ ਆਵੇਗ ਆਈਨਸਟੀਨ ਨੂੰ ਨਸਲੀ ਸਬੰਧਾਂ ਤੋਂ ਪੈਦਾ ਹੋਏ ਘਰੇਲੂ ਸੰਕਟ ਅਤੇ ਨਾਲ ਹੀ ਠੰਡੀ ਜੰਗ ਤੋਂ ਪੈਦਾ ਹੋਏ ਪ੍ਰਮਾਣੂ ਖਤਰੇ, ਦੋਨਾਂ ਵਿਰੁੱਧ ਕਾਰਵਾਈ ਤੱਕ ਲੈ ਗਿਆ। ਇਸੇ ਕਰਕੇ ਉਹ ਨਵੀਂ ਬਣੀ ਪ੍ਰਗਤੀਵਾਦੀ ਪਾਰਟੀ ਦੇ ਹਮਾਇਤੀ ਬਣ ਗਏ ਜਿਸ ਵਿੱਚ ਰਾਜਨੀਤਕ ਪ੍ਰਸੰਗ ਨਾਲ਼ ਜੁੜੇ ਢੇਰ ਸਾਰੇ ਲੋਕਾਂ ਨਾਲ਼ ਉਹਨਾਂ ਪੁਰਾਣੇ ਹਮਵਤਨੀ ਥਾਮਸ ਮਾਨ ਅਤੇ ਉਹਨਾਂ ਦੇ ਕਰੀਬੀ ਦੋਸਤ ਅਤੇ ਗੁਆਂਢੀ ਬੇਨ ਸ਼ਾਨ ਵੀ ਸ਼ਾਮਿਲ ਸਨ ਜੋ ਸਾਕੋ ਅਤੇ ਵਾਨਜੇਟੀ ਮੁਕੱਦਮੇ ਨਾਲ ਜੁੜੀਆਂ ਆਪਣੀ ਤਸਵੀਰਾਂ ਲਈ ਪ੍ਰਸਿੱਧ ਹੋ ਚੁੱਕੇ ਸਨ। ਰੂਜਵੇਲਟ ਦੇ ਪੁਰਾਣੇ 'ਨਿਊ ਡੀਲ' ਗੱਠਜੋੜ ਵਿੱਚ ਸ਼ਾਮਿਲ ਖੱਬੇ ਧੜੇ ਰਾਹੀਂ ਬਣਾਈ ਇਸ ਪਾਰਟੀ ਵਿੱਚ ਰੈਡੀਕਲ, ਸਮਾਜਵਾਦੀ ਅਤੇ ਕਮਿਊਨਿਸਟ ਸਾਰੇ ਸ਼ਾਮਿਲ ਸਨ ਅਤੇ ਇਸ ਦਾ ਮਕਸਦ ਸੀ, ਸਾਬਕਾ ਉੱਪ-ਰਾਸ਼ਟਰਪਤੀ ਹੈਨਰੀ ਏ. ਵਾਲੇਸ ਨੂੰ 1948 ਵਿੱਚ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨੂੰ ਰਫ਼ਤਾਰ ਦੇਣਾ। ਪਾਰਟੀ ਰਾਹੀਂ 'ਜਿਮ ਕ੍ਰੋ' ਦੀ ਮੁਖਾਲਫਤ ਕੀਤੇ ਜਾਣ ਦੀ ਆਈਨਸਟੀਨ ਖਾਸ ਤੌਰ 'ਤੇ ਪ੍ਰਸ਼ੰਸਾ ਕਰਦੇ ਸਨ ਉਹਨਾਂ ਨੇ ਵਾਲੇਸ ਅਤੇ ਤੀਸਰੀ ਪਾਰਟੀ ਦੇ ਹਮਾਇਤੀ, ਸਾਥੀ ਪਾਲ ਰਾਬਸਨ ਨਾਲ ਫੋਟੋ ਖਿਚਾ ਕੇ ਪਾਰਟੀ ਨੂੰ ਮਾਣ ਅਤੇ ਹਮਾਇਤ ਪ੍ਰਦਾਨ ਕੀਤੀ। ਵਾਲੇਸ ਅਤੇ ਪਾਲ ਰਾਬਸਨ ਨੇ ਆਪਣੇ ਉੱਪਰ ਹੋਏ ਹਿੰਸਕ ਹਮਲਿਆਂ ਦੀ ਪਰਵਾਹ ਨਾ ਕਰਦੇ ਹੋਏ ਦੱਖਣ ਵਿੱਚ ਆਪਣੀ ਪ੍ਰਚਾਰ ਮੁਹਿੰਮ ਜਾਰੀ ਰੱਖੀ ਅਤੇ ਵੱਖਵਾਦੀ ਸਰੋਤਿਆਂ ਨੂੰ ਸੰਬੋਧਿਤ ਕਰਨ ਜਾਂ ਨਸਲੀ 'ਜਿਮ ਕ੍ਰੋ' ਹੋਟਲਾਂ ਵਿੱਚ ਠਹਿਰਣ ਤੋਂ ਮਨ੍ਹਾਂ ਕਰ ਦਿੱਤਾ। ਆਈਨਸਟੀਨ ਦੀ ਹਮਾਇਤ ਨਾਲ਼ ਵਾਲੇਸ ਨੇ ਪ੍ਰਮਾਣੂ ਹਥਿਆਰਾਂ ਨੂੰ ਗੈਰ-ਕਾਨੂੰਨੀ ਕਰਾਰ ਦੇਣ ਅਤੇ ਉਹਨਾਂ ਉਪਰ ਕੌਮਾਂਤਰੀ ਕੰਟਰੋਲ ਦੀ ਮੰਗ ਕੀਤੀ। ਭਾਵੇਂ ਅੰਤ ਵਿੱਚ ਸੋਵੀਅਤ ਵਿਰੋਧੀ ਹੰਕਾਰੀ ਕੌਮਵਾਦ ਅਤੇ ਟਰੂਮੈਨ ਦੀ ਹੈਰਾਨੀ ਭਰੀ ਮੁੜ ਚੋਣ ਨੇ ਤੇਜ਼ੀ ਨਾਲ਼ ਵੱਧਦੀ ਠੰਡੀ ਜੰਗ ਅਤੇ ਉਸਦੇ ਨਾਲ਼ ਨਾਲ਼ ਚੱਲਣ ਵਾਲੇ ਵਿਚਾਰਕ ਜਬਰ ਦੇ ਰਾਹ ਵਿਚ ਖੜ੍ਹੀਆਂ ਬਚੀਆਂ-ਖੁਚੀਆਂ ਰੁਕਾਵਟਾਂ ਨੂੰ ਵੀ ਹਟਾ ਦਿੱਤਾ।

ਵਾਲੇਸ ਦੇ ਹਮਾਇਤੀਆਂ ਵਿਚੋਂ ਕੁਝ ਉਦਾਰਵਾਦੀ 'ਨਿਊ ਡੀਲ' ਪ੍ਰੋਗਰਾਮ ਨਾਲ ਪਾਰਟੀ ਦੇ ਅੱਗੇ ਨਾ ਵੱਧ ਸਕਣ ਕਾਰਨ ਖਿਝ ਗਏ। ਉਹਨਾਂ ਦਾ ਵਿਚਾਰ ਸੀ ਕਿ ਪਾਰਟੀ ਨੂੰ ਮੁੱਢਲੇ ਉਦਯੋਗਾਂ ਦੇ ਸਾਂਝੇ ਮਾਲਿਕਾਨੇ ਵਰਗੇ ਸਵਾਲਾਂ 'ਤੇ ਸਪੱਸ਼ਟ ਤੌਰ 'ਤੇ ਸਮਾਜਵਾਦੀ ਪੋਜ਼ੀਸ਼ਨ ਲੈਣੀ ਚਾਹੀਦੀ ਸੀ। ਇੰਝ ਦੇ ਵਿਚਾਰ ਰੱਖਣ ਵਾਲਿਆਂ ਵਿੱਚ ਲਿਓ ਹਿਊਬਰਮੈਨ

ਅਤੇ ਪਾਲ ਸਵੀਜੀ ਵੀ ਸਨ ਜਿਨ੍ਹਾਂ ਨੇ ਸਮਾਜਵਾਦੀ ਅਤੇ ਮਾਰਕਸਵਾਦੀ ਪਰਿਪੇਖ ਵਿੱਚ ਘਟਨਾਵਾਂ ਦਾ ਵਿਆਪਕ ਵਿਸ਼ਲੇਸ਼ਣ ਕਰਨ ਅਤੇ ਉਹਨਾਂ 'ਤੇ ਟੀਕਾ ਟਿੱਪਣੀ ਕਰਨ ਲਈ ਇਕ ਮੰਚ ਦੇ ਰੂਪ ਵਿੱਚ ਮੰਥਲੀ ਰਵਿਊ ਮੈਗਜ਼ੀਨ ਦੀ ਸ਼ੁਰੂਆਤ ਕੀਤੀ ਸੀ। ਆਈਨਸਟੀਨ ਨੇ ਇਸ ਮੈਗਜ਼ੀਨ ਦੀ ਨੀਂਹ ਰੱਖੇ ਜਾਣ ਦਾ ਸਵਾਗਤ ਕੀਤਾ ਅਤੇ ਮਈ 1949 ਵਿੱਚ ਨਿਕਲਣ ਵਾਲੇ ਉਸਦੇ ਪਹਿਲੇ ਅੰਕ ਲਈ ਲਿਓ ਹਿਊਬਰਮੈਨ ਦੇ ਦੋਸਤ ਆਟੋ ਨਾਥਨ ਦੇ ਕਹਿਣ 'ਤੇ "ਸਮਾਜਵਾਦ ਕਿਉਂ ?" ਨਾਮਕ ਆਪਣਾ ਲੇਖ ਲਿਖਿਆ ਆਈਨਸਟੀਨ ਦੀ ਪ੍ਰਸਿੱਧੀ ਦੇ ਨਾਲ਼ ਨਾਲ਼, ਜਿਸ ਢੰਗ ਨਾਲ਼ ਲੇਖ ਵਿੱਚ ਤਰਕ ਸੰਗਤ, ਨੈਤਿਕ ਅਤੇ ਰਾਜਨੀਤਕ ਤਰੀਕੇ ਨਾਲ਼ ਸਾਫ ਤੌਰ 'ਤੇ ਸਮਾਜਵਾਦ ਦਾ ਪੱਖ ਲਿਆ ਗਿਆ ਸੀ, ਉਹਨੇ ਇਸ ਨਵੀਂ ਖੱਬੇਪੱਖੀ ਮੈਗਜ਼ੀਨ ਦੇ ਜਨਮ ਵੱਲ ਲੋਕਾਂ ਦਾ ਧਿਆਨ ਖਿੱਚਿਆ। ਉਸ ਸਮੇਂ ਦੇ ਪ੍ਰਤੀਕੂਲ ਸਿਆਸੀ ਵਾਤਾਵਰਣ ਵਿੱਚ ਇਸ ਲੇਖ ਨੇ ਨਿਸ਼ਚਿਤ ਤੌਰ 'ਤੇ ਮੈਗਜ਼ੀਨ ਦੇ ਸੰਪਾਦਕਾਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਉਸਦੀ ਵੰਡ ਨੂੰ ਜ਼ਰੂਰੀ ਹੱਲਾਸ਼ੇਰੀ ਮਿਲੀ।

ਦੂਸਰੀ ਸੰਸਾਰ ਜੰਗ ਦੇ ਖਤਮ ਹੋਣ ਬਾਅਦ ਆਈਨਸਟੀਨ ਦਾ ਧਿਆਨ, ਨਾਜ਼ੀਆਂ ਦੁਆਰਾ ਮਨੁੱਖੀ ਘਾਣ ਦੇ ਸਿੱਟੇ ਵਜੋਂ ਯੂਰਪ ਦੇ ਯਹੂਦੀਆਂ 'ਤੇ ਆਏ ਸੰਕਟ ਵਿੱਚ ਵੀ ਉਲਝਿਆ ਰਿਹਾ। ਆਪਣੇ ਬਚਪਨ ਵਿੱਚ ਯਹੂਦੀ ਵਿਰੋਧਵਾਦ ਨਾਲ ਪਹਿਲਾ ਸਾਹਮਣਾ ਹੋਣ ਬਾਅਦ ਤੋਂ ਹੀ ਆਈਨਸਟੀਨ ਨੇ ਇਕ ਧਰਮ ਨਿਰਪੇਖ ਯਹੂਦੀ ਦੇ ਰੂਪ ਵਿੱਚ ਆਪਣੀ ਪਛਾਣ ਬਣਾਈ ਸੀ। ਓਦੋਂ ਤੋਂ ਉਹ ਇਸ ਉੱਗਰ ਕੌਮਵਾਦੀ ਬਿਮਾਰੀ 'ਤੇ ਆਪਣੀ ਤੇਜ਼ ਨਜ਼ਰ ਰੱਖਣ ਲੱਗੇ। ਵਿੱਚ ਵਿੱਚ ਉਹ ਇਹਦਾ ਸ਼ਿਕਾਰ ਵੀ ਬਣਾਏ ਜਾਂਦੇ ਸਨ ਪਰ ਇਸ 'ਤੇ ਉਹਨਾਂ ਦੀ ਪ੍ਰਤੀਕਿਰਿਆ ਉਹੀ ਹੁੰਦੀ ਸੀ ਜਿਵੇਂ ਦੀ ਕਿ ਨਫ਼ਰਤ 'ਤੇ ਅਧਾਰਿਤ ਦੂਸਰੇ ਅਪਰਾਧਾਂ ਦੇ ਮਾਮਲੇ ਵਿੱਚ ਹੁੰਦੀ। ਬਹੁਤ ਪਹਿਲਾਂ, 1921 ਵਿੱਚ ਜਦੋਂ ਉਹ ਫਿਲਿਸਤੀਨ ਵਿੱਚ ਯਹੂਦੀ ਬਸਤੀਆਂ ਵਸਾਉਣ ਲਈ ਚੰਦਾ ਇਕੱਠਾ ਕਰਨ ਅਮਰੀਕਾ ਦੀ ਪਹਿਲੀ ਯਾਤਰਾ 'ਤੇ ਆਏ ਸਨ, ਤਾਂ ਉਹਨਾਂ ਨੇ ਯੂਰਪ ਦੀ ਯਹੂਦੀ ਆਬਾਦੀ 'ਤੇ ਆਉਣ ਵਾਲੀ ਇਸ ਬਿਪਤਾ ਨਾਲ ਨਿਪਟਣ ਦੇ ਢੰਗ ਲੱਭਣ ਦੀ ਵੀ ਕੋਸ਼ਿਸ਼ ਕੀਤੀ ਸੀ। ਪੂਰਬੀ ਅਤੇ ਮੱਧ ਯੂਰਪ ਵਿੱਚ ਯਹੂਦੀਆਂ 'ਤੇ ਵਧਦੀਆਂ ਜਾ ਰਹੀਆਂ ਕਾਨੂੰਨੀ ਅਤੇ ਗੈਰ-ਕਾਨੂੰਨੀ ਰੋਕਾਂ ਦਾ ਉਹਨਾਂ ਨੇ ਵਿਰੋਧ ਕੀਤਾ, ਅਮਰੀਕਾ ਵਿੱਚ ਆ ਕੇ ਵੱਸਣ ਦੀ ਹਮਾਇਤ ਕੀਤੀ (ਭਾਵੇਂ ਇਸ ਵਿੱਚ ਜ਼ਿਆਦਾ ਸਫ਼ਲਤਾ ਨਹੀਂ ਮਿਲ ਸਕੀ) ਅਤੇ ਫਲਸਤੀਨ ਵਿੱਚ ਇਕ "ਯਹੂਦੀ ਕੌਮੀ ਜਨਮਭੂਮੀ" (ਉਹਨਾਂ ਦੇ ਅਤੇ ਉਹਨਾਂ ਦੇ ਸਾਥੀਆਂ ਦੇ ਸ਼ਬਦਾਂ ਵਿੱਚ) ਦੀ ਉਸਾਰੀ ਦੀ ਵਕਾਲਤ ਕੀਤੀ। ਇਸੇ ਰੂਪ ਵਿੱਚ ਉਹਨਾਂ ਨੂੰ ਜਿਉਨਵਾਦੀਆਂ (Zionists) ਨਾਲ਼ ਜੋੜਿਆ ਜਾਂਦਾ ਹੈ। ਭਾਵੇਂ ਇਹ ਲੇਬਲ ਉਹਨਾਂ ਉੱਪਰ ਸੈੱਟ ਨਹੀਂ ਬੈਠਦਾ, ਫਿਰ ਵੀ ਉਹਨਾਂ ਨੇ ਕਦੇ ਸਰਗਰਮ ਤੌਰ 'ਤੇ ਇਸਤੋਂ ਬਚਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਫਿਰ ਵੀ, ਉਹਨਾਂ ਨੇ ਚੈਮ ਵਿਜਮਾਨ ਅਤੇ ਡੇਵਿਡ ਬੇਨ ਗੁਰੀਅਨ ਵਰਗੇ ਮੁੱਖ ਧਾਰਾ ਦੇ ਜਿਉਨਵਾਦੀਆਂ ਅਤੇ ਵਲਾਦੀਮੀਰ ਜਬੋਤਿਨਸਕੀ ਅਤੇ ਮੇਨਾਚੇਮ ਬੇਗਿਨ ਵਰਗੇ ਜਿਉਨਵਾਦੀ ਹੰਕਾਰੀ -

ਕੌਮਵਾਦੀਆਂ ਅਤੇ ਕੱਟੜਪੰਥੀਆਂ ਤੋਂ ਖੁਦ ਨੂੰ ਦੂਰ ਹੀ ਰੱਖਿਆ। 1930 ਵਿੱਚ ਆਈਨਸਟੀਨ ਨੇ ਲਿਖਿਆ, "ਜਾਬਰ ਕੌਮਵਾਦ ਨੂੰ ਹਰ ਹਾਲ 'ਚ ਹਰਾਇਆ ਜਾਣਾ ਚਾਹੀਦਾ ਹੈ..... ਮੇਰੇ ਵਿਚਾਰ ਨਾਲ਼ ਫਲਸਤੀਨ ਦਾ ਭਵਿੱਖ ਸਿਰਫ਼ ਦੇਸ਼ ਦੇ ਅੰਦਰ ਰਹਿਣ ਵਾਲੇ ਦੋਵਾਂ ਭਾਈਚਾਰਿਆਂ ਦਰਮਿਆਨ ਸ਼ਾਂਤੀ ਭਰੇ ਸਹਿਯੋਗ 'ਤੇ ਵੀ ਅਧਾਰਿਤ ਹੋ ਸਕਦਾ ਹੈ... ਸਭ ਕੁੱਝ ਦੇ ਬਾਵਜੂਦ ਉਹਨਾਂ ਨੂੰ ਜ਼ਰੂਰ ਨਾਲ਼ ਆਉਣਾ ਚਾਹੀਦਾ ਹੈ।" ਜੰਗ ਦੇ ਪਹਿਲਾਂ ਅਤੇ ਬਾਅਦ ਵਿੱਚ ਵੀ ਉਹ ਯਹੂਦੀ ਅਤੇ ਫਲਸਤੀਨੀ, ਦੋ ਕੌਮਾਂ ਵਾਲੇ ਇਕ ਰਾਜ ਦੇ ਹੀ ਹਮਾਇਤੀ ਬਣੇ ਰਹੇ।

1946 ਵਿੱਚ ਉਹਨਾਂ ਲੱਖਾਂ ਯੂਰਪਵਾਸੀਆਂ ਯਹੂਦੀਆਂ ਨਾਲ਼, ਜੋ ਅਜੇ ਵੀ "ਸ਼ਰਨਾਰਥੀ" ਸਨ ਅਤੇ ਇਸ ਰਫਿਊਜੀ ਆਬਾਦੀ ਦੇ ਇਕ ਛੋਟੇ ਹਿੱਸੇ ਨੂੰ ਵੀ ਜੇਤੂ ਗੱਠਜੋੜ ਆਪਣੇ ਦੇਸ਼ ਵਿੱਚ ਥਾਂ ਦੇਣ ਲਈ ਤਿਆਰ ਨਹੀਂ ਸਨ, ਆਈਨਸਟੀਨ ਫਿਲਿਸਤੀਨ ਬਾਰੇ ਬਣੀ ਇਕ ਐਂਗਲੋਂ ਅਮਰੀਕਨ ਜਾਂਚ ਕਮੇਟੀ ਦੇ ਸਾਹਮਣੇ ਹਾਜ਼ਰ ਹੋਏ ਅਤੇ ਇਕ "ਯਹੂਦੀ ਜਨਮਭੂਮੀ" ਦੀ ਮੰਗ ਕੀਤੀ। ਇੰਝ ਲੱਗਦਾ ਹੈ ਕਿ ਜਿਉਨਵਾਦੀ ਅਦਾਰੇ ਨੇ ਇਰਾਦਤਨ ਇਸ ਦਾ "ਯਹੂਦੀ ਖੁਦਮੁਖਤਿਆਰੀ ਦੀ ਮੰਗ" ਦੇ ਰੂਪ ਵਿੱਚ ਗਲਤ ਅਰਥ ਕੱਢਿਆ। ਅੰਤ ਵਿੱਚ ਆਪਣੇ ਦੋਸਤ ਰੱਬੀ ਸਟੀਫਨ ਵਾਈਜ ਗਦੀ ਮਦਦ ਨਾਲ਼ ਆਈਨਸਟੀਨ ਨੂੰ ਆਪਣੀ ਪੋਜ਼ੀਸ਼ਨ ਸਪੱਸ਼ਟ ਕਰਨੀ ਪਈ। ਉਹਨਾਂ ਨੇ ਕਿਹਾ ਕਿ ਫਲਸਤੀਨ ਜਿੰਨੇ ਲੋਕਾਂ ਨੂੰ ਆਰਥਿਕ ਤੌਰ 'ਤੇ ਆਤਮਸਾਤ ਕਰ ਸਕੇ, ਓਨੇ ਯਹੂਦੀਆਂ ਨੂੰ ਆਜ਼ਾਦੀ ਨਾਲ ਉੱਥੇ ਜਾ ਕੇ ਵੱਸਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਅਤੇ ਬਦਲੇ ਵਿੱਚ ਉੱਥੇ ਇਕ ਅਜਿਹੀ ਸਰਕਾਰ ਹੋਣੀ ਚਾਹੀਦੀ ਹੈ ਜੋ ਇਹ ਪੱਕਾ ਕਰੇ ਕਿ "ਕੋਈ ਇਕ ਸਮੂਹ ਦੂਸਰੇ ਸਮੂਹ ਦੇ 'ਅਧੀਨ' ਨਹੀਂ ਹੋਵੇਗਾ।" ਵਾਈਜ ਵੱਲੋਂ ਹੋਰ ਵੀ ਜ਼ੋਰਦਾਰ ਬਿਆਨ ਦੇਣ ਦੀ ਮੰਗ ਦਾ ਵਿਰੋਧ ਕਰਦੇ ਹੋਏ ਆਈਨਸਟੀਨ ਨੇ ਜਵਾਬ ਦਿੱਤਾ ਕਿ "ਯਹੂਦੀ ਰਾਜ ਦੀ ਮੰਗ 'ਤੇ ਅੜੇ ਰਹਿਣ ਦਾ ਸਾਡੇ ਲਈ ਸਿਰਫ਼ ਅਣਚਾਹਿਆ ਨਤੀਜਾ ਹੋਵੇਗਾ।" ਤਬਦੀਲੀ ਪਸੰਦ ਪੱਤਰਕਾਰ ਆਈ. ਐੱਫ. ਸਟੋਨੇ "ਮਨੁੱਖੀ ਸੀਮਾਵਾਂ" ਤੋਂ ਉੱਪਰ ਉੱਠ ਕੇ ਅਮਲ ਕਰਨ ਲਈ ਆਈਨਸਟੀਨ ਦੀ ਪ੍ਰਸ਼ੰਸਾ ਕੀਤੀ। (ਬਾਅਦ ਵਿੱਚ ਆਈਨਸਟੀਨ ਸਟੋਨ ਦੇ ਹਫਤਾਵਾਰ ਦੇ ਖਾਸ ਪਾਠਕ ਬਣ ਗਏ ਸਨ)।

ਫਿਰ ਵੀ ਬਹੁਤ ਸਾਰੇ ਤਬਦੀਲੀ ਪਸੰਦ ਯਹੂਦੀਆਂ ਵਾਂਗ ਜਿਨ੍ਹਾਂ ਵਿੱਚ ਵਧੇਰੇ ਸਮਾਜਵਾਦੀ ਅਤੇ ਕਮਿਊਨਿਸਟ ਸ਼ਾਮਿਲ ਸਨ, ਜਿਉਨਵਾਦੀ ਯੋਜਨਾ ਨੂੰ ਲੈ ਕੇ ਆਪਣੇ ਭਾਵਨਾਤਮਕ ਦਵੰਦ 'ਤੇ ਜਿੱਤ ਹਾਸਲ ਕਰਨ ਵਿੱਚ ਆਈਨਸਟੀਨ ਨੂੰ ਵੀ ਔਖਿਆਈ ਹੋਈ। ਅੰਤ ਵਿੱਚ ਉਹਨਾਂ ਨੇ ਇਜ਼ਰਾਈਲ ਦੀ ਸਥਾਪਨਾ ਦਾ ਸਮਰਥਨ ਕਰ ਦਿੱਤਾ। 1967 ਦੀ ਜੰਗ ਦੇ ਬਾਅਦ ਇਜ਼ਰਾਈਲ ਦੁਆਰਾ ਫਲਸਤੀਨ ਨੂੰ ਗੁਲਾਮ ਬਣਾਉਣ ਨੂੰ ਲੈ ਕੇ ਕੁੱਝ ਰੈਡੀਕਲ ਵਿਚਾਰਕਾਂ ਦੀ ਪਰਸਪਰ ਵਿਰੋਧੀ ਪ੍ਰਤੀਕਿਰਿਆ ਨੂੰ ਦੇਖਦੇ ਹੋਏ ਇਹ ਅਨੁਮਾਨ ਲਗਾਉਣਾ ਮੁਸ਼ਕਿਲ ਹੈ ਕਿ ਆਈਨਸਟੀਨ ਦੀ ਉਹਨਾਂ ਬਾਰੇ ਕੀ ਪ੍ਰਤੀਕ੍ਰਿਆ ਹੁੰਦੀ ? ਪਰ ਫਲਸਤੀਨ ਵਿੱਚ ਯਹੂਦੀਆਂ ਦੇ ਆ ਵੱਸਣ ਨਾਲ ਉੱਥੋਂ ਦੇ ਮੂਲ ਨਿਵਾਸੀਆਂ 'ਤੇ ਕੀ

ਪ੍ਰਭਾਵ ਪੈਣਗੇ, ਇਸ ਨਾਲ ਉਹਨਾਂ ਦਾ ਸਾਫ ਤੌਰ ’ਤੇ ਸਰੋਕਾਰ ਸੀ। ਅੰਤ ਵਿੱਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਚਾਰ ਦਹਾਕਿਆਂ ਤੋਂ ਇਜ਼ਰਾਈਲ ਰਾਹੀਂ ਫਲਸਤੀਨ ’ਤੇ ਜ਼ਬਰ ਕੀਤੇ ਜਾਣ ਨੂੰ ਦੇਖ ਕੇ ਡਰ ਗਏ ਹੁੰਦੇ।

ਆਈਨਸਟੀਨ ਦੇ ਜੀਵਨ ਦੇ ਆਖ਼ਰੀ ਸਾਲਾਂ ਦਾ ਜ਼ਿਆਦਾਤਰ ਸਮਾਂ ਸਦੀ ਦੇ ਮੱਧ “ਲਾਲ ਸ਼ੰਕਾ” ਦੇ ਪਰਛਾਵੇਂ ਵਿੱਚ ਲੰਘਿਆ। ਉਹਨਾਂ ਨੇ ਲਿਖਿਆ ਕਿ “ਵਰ੍ਹਿਆਂ ਪੁਰਾਣੀ ਜਰਮਨ ਮੁਸੀਬਤ ਖੁਦ ਨੂੰ ਦੁਹਰਾ ਰਹੀ ਸੀ।” 1950 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ, ਇਕ ਪਾਸੇ ਸ਼ਹਿਰ ਦੇ ਬਾਹਰਵਾਰ ਵਸੇ ਆਮ ਅਮਰੀਕੀਆਂ ਦੀ ਵਧਦੀ ਬਦਹਾਲੀ ਅਤੇ ਦੂਸਰੇ ਪਾਸੇ ਕੋਰੀਆ-ਜੰਗ ਕਾਰਨ ਪੈਦਾ ਹੋਈ ਖੁਸ਼ਹਾਲੀ ਨੂੰ ਦੇਖ ਕੇ ਆਈਨਸਟੀਨ ਨੇ ਖੇਦ ਨਾਲ ਕਿਹਾ ਸੀ, “ਅਮਰੀਕਾ ’ਚ ਈਮਾਨਦਾਰ ਲੋਕਾਂ ਦੀ ਗਿਣਤੀ ਬੇਹੱਦ ਘੱਟ ਹੈ।” ਪਰ ਉਹ ਮੁਕਾਬਲੇ ਲਈ ਤਿਆਰ ਸਨ ਅਤੇ ਉਹਨਾਂ ਨੂੰ ਕੇਵਲ ਇਕ ਮੰਚ ਦੀ ਤਲਾਸ਼ ਸੀ ਜੋ 1953 ਵਿੱਚ ਨਿਊਯਾਰਕ ਸਿਟੀ ਸਕੂਲ ਦੇ ਇਕ ਅਧਿਆਪਕ ਵਿਲੀਅਮ ਫਰਾਏਨਗਲਾਸ ਦੀ ਚਿੱਠੀ ਦਾ ਜਵਾਬ ਦਿੰਦੇ ਹੋਏ ਉਹਨਾਂ ਨੂੰ ਮਿਲ ਗਿਆ। ਉਸ ਅਧਿਆਪਕ ਨੂੰ ਸੈਨੇਟ ਦੀ ਜਾਂਚ ਕਮੇਟੀ ਦੇ ਸਾਹਮਣੇ ਆਪਣੀ ਰਾਜਨੀਤੀ ਅਤੇ ਉਸ ਨਾਲ਼ ਲੋਕਾਂ ਬਾਰੇ ਖੁਲਾਸਾ ਕਰਨ ਤੋਂ ਇਨਕਾਰ ਕਰਨ ’ਤੇ ਨੌਕਰੀ ਤੋਂ ਕੱਢ ਦਿੱਤਾ ਸੀ।ਆਈਨਸਟੀਨ ਨੇ ਉਸ ਨਵੇਂ ਅਧਿਆਪਕ, ਵਿਲੀਅਮ ਫਰਾਏਨਗਲਾਸ ਨੂੰ ਚਿੱਠੀ ਲਿੱਖੀ, ਜਿਹਨੇ ਆਪਣੀਆਂ ਅੰਗਰੇਜ਼ੀ ਕਲਾਸਾਂ ਲਈ ਖੁਦ ਅੰਤਰ-ਸੱਭਿਆਚਾਰਕ ਸਿਲੇਬਸ ਤਿਆਰ ਕੀਤਾ ਸੀ, ਤਾਂ ਕਿ ਤੁਅੱਸਬ ਗ੍ਰਸਤ ਘਿਸੇ-ਪਿਟੇ ਸਿਲੇਬਸ ਤੋਂ ਛੁਟਕਾਰਾ ਪਾਇਆ ਜਾ ਸਕੇ। ਆਈਨਸਟੀਨ ਨੇ ਉਹਨਾਂ ਨੂੰ ਹੱਲਾਸ਼ੇਰੀ ਦਿੰਦੇ ਹੋਏ ਲਿਖਿਆ ਕਿ “ਕਮੇਟੀਆਂ ਸਾਹਮਣੇ ਬੁਲਾਏ ਗਏ ਹਰ ਬੁੱਧੀਜੀਵੀ ਨੂੰ ਗਵਾਹੀ ਦੇਣ ਤੋਂ ਇਨਕਾਰ ਕਰ ਦੇਣਾ ਹੋਵੇਗਾ। ਜੇਕਰ ਵੱਡੀ ਸੰਖਿਆ ਵਿੱਚ ਲੋਕ ਇਹ ਗੰਭੀਰ ਕਦਮ ਚੁੱਕਣ ਨੂੰ ਤਿਆਰ ਹੋ ਜਾਣ, ਤਾਂ ਉਹ ਸਫ਼ਲ ਹੋਣਗੇ ਅਤੇ ਜੇਕਰ ਨਹੀਂ, ਤਾਂ ਅਜਿਹੇ ਬੁੱਧੀਜੀਵੀ ਗੁਲਾਮੀ ਦੇ ਬਿਨਾਂ ਹੋਰ ਕਿਸੇ ਲਾਇਕ ਨਹੀਂ, ਉਹੀ ਉਹਨਾਂ ਲਈ ਜ਼ਰੂਰੀ ਹੈ।” ਇਹ ਚਿੱਠੀ ਕੌਮੀ ਅਖ਼ਬਾਰਾਂ ਦੇ ਮੁੱਖ ਪੰਨੇ ’ਤੇ ਸੁਰਖੀਆਂ ਵਿੱਚ ਛਪੀ ਅਤੇ ਇਸਦੇ ਇੱਛਤ ਸਿੱਟੇ ਨਿਕਲੇ। ‘ਲਾਲ ਭੂਤ ਦੀ ਭਾਲ’ ਦੇ ਖਿਲਾਫ਼ ਲਹਿਰ ਜ਼ੋਰ ਫੜ੍ਹਦੀ ਗਈ। ਆਈਨਸਟੀਨ ਨੂੰ ਦੂਰ ਦੇ ਇਲਾਕਿਆਂ ’ਚੋਂ ਬਰਟ੍ਰੇਂਡ ਰਸੇਲ ਵਰਗੇ ਫਿਲਾਸਫਰਾਂ ਦੀ ਹਮਾਇਤ ਮਿਲੀ। ਜਦੋਂ ਨਿਊਯਾਰਕ ਟਾਈਮ ਨੇ ਆਈਨਸਟੀਨ ਨਾਲ਼ ਅਸਹਿਮਤੀ ਪ੍ਰਗਟ ਕਰਦੇ ਹੋਏ ਸੰਪਾਦਕੀ ਛਾਪਿਆ ਤਾਂ ਲੰਦਨ ਤੋਂ ਉਹਨਾਂ ਨੇ ਨਿਊਯਾਰਕ ਟਾਈਮ ਨੂੰ ਲਿਖਿਆ, “ਕੀ ਤੁਸੀਂ ਈਸਾਈ ਸ਼ਹੀਦਾਂ ਦੀ ਭੰਡੀ ਕਰੋਗੇ ਕਿ ਉਹਨਾਂ ਨੇ ਰਾਜੇ ਲਈ ਬਲੀ ਦਾ ਬੱਕਰਾ ਹੋਣ ਤੋਂ ਮਨ੍ਹਾਂ ਕਰ ਦਿੱਤਾ ਸੀ ? ਕੀ ਤੁਸੀਂ ਜਾਨ ਬ੍ਰਾਊਨ ਦੀ ਭੰਡੀ ਕਰਦੇ ਹੋ ?”

ਫਰਾਏਨਗਲਾਸ ਮਾਮਲੇ ਦੇ ਥੋੜ੍ਹੇ ਹੀ ਸਮੇਂ ਬਾਅਦ ਇਕ ਹੋਰ ਵਿਰੋਧੀ ਗਵਾਹ ਅਲ ਸ਼ਾਦੋ ਵਿਟਜ ਨੇ ਸੈਨੇਟਰ ਮੇਕਾਰਥੀ ਸਾਹਮਣੇ ਗਵਾਹੀ ਦੇਣ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ “ਮੈਂ ਡਾਕਟਰ ਆਈਨਸਟੀਨ ਤੋਂ ਸਲਾਹ ਲੈਂਦਾ ਹਾਂ।” ਮੇਕਾਰਥੀ

ਅੱਗ ਬਬੂਲਾ ਹੋ ਉੱਠਿਆ। ਪਰ ਅੰਤ ਵਿੱਚ ਇਹ ਛੂਤ ਦੀ ਬਿਮਾਰੀ ਦੋਹਾਂ ਪੱਖਾਂ ਨੂੰ ਸੁਪਰੀਮ ਕੋਰਟ ਦੀ ਸ਼ਰਣ ਵਿੱਚ ਲੈ ਗਈ ਜਿਸ ਨੇ 1957 ਵਿੱਚ ਕਮਿਊਨਿਸਟ ਵਿਚਾਰਧਾਰਾ ਦੇ ਲੋਕਾਂ ਨੂੰ ਸ਼ਿਕਾਰ ਬਣਾਉਣ ਵਾਲਿਆਂ ਦੀਆਂ ਸਰਗਰਮੀਆਂ 'ਤੇ ਰੋਕ ਲਾ ਦਿੱਤੀ (ਇਹਨਾਂ ਵਿੱਚੋਂ ਇਕ ਕੇਸ ਮੰਥਲੀ ਰੀਵਿਊ ਦੇ ਸੰਪਾਦਕ ਪਾਲ ਸਵੀਜੀ 'ਤੇ ਵੀ ਚਲਿਆ ਸੀ)। ਨਾਲ਼ ਹੀ ਇਸ ਤੋਂ ਨੌਜਵਾਨ ਨਵ-ਖੱਬੇਪੱਖੀ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਮਿਲੀ ਜੋ 1960 ਤੋਂ ਹੀ ਅਕਸਰ ਜਾਂਚ ਕਮੇਟੀ ਦੀਆਂ ਸਰਗਰਮੀਆਂ ਵਿੱਚ ਅੜਿਕਾ ਪਾਉਣ ਲਈ ਉਹਨਾਂ 'ਤੇ ਫਤਵੇ ਕੱਸਣ ਅਤੇ ਉਹਨਾਂ ਦੀ ਖਿੱਲੀ ਉਡਾਇਆ ਕਰਦੇ ਸਨ। ਆਈਨਸਟੀਨ ਦੀ ਚਿੱਠੀ ਦੇ ਕੇਵਲ ਦਸ ਸਾਲ ਬਾਅਦ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਵੀ ਆਧੁਨਿਕ ਨਾਗਰਿਕ ਅਧਿਕਾਰ ਲਹਿਰ ਵਿੱਚ ਜਾਨ ਫੂਕਣ ਲਈ ਸਿਵਲ ਨਾ-ਫਰਮਾਨੀ ਦਾ ਸਹਾਰਾ ਲਿਆ।

1954 ਵਿੱਚ ਜਦੋਂ ਉਹਨਾਂ ਦੇ ਸਹਿਯੋਗੀ ਅਤੇ ਜੰਗ ਦੌਰ ਦੇ ਮੇਨਹੱਟਨ ਯੋਜਨਾ ਦੇ ਆਗੂ ਜੇ. ਰਾਬਰਟ ਉਪੇਨਹੀਮਰ ਨੂੰ ਸਕਿਉਰਟੀ ਕਲੀਅਰੈਂਸ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਅਤੇ ਵਿਗਿਆਨਕ ਖੋਜ ਦੀ ਆਜ਼ਾਦੀ ਦੇ ਉਲੰਘਣ ਦੇ ਕਈ ਹੋਰ ਮਾਮਲੇ ਵੀ ਪ੍ਰਕਾਸ਼ 'ਚ ਆਏ, ਤਾਂ ਇਹਨਾਂ ਦੀ ਪ੍ਰਤੀਕਿਰਿਆ ਵਿੱਚ ਆਈਨਸਟੀਨ ਨੇ ਆਪਣੇ ਖਾਸ ਵਿਅੰਗਮਈ ਲਹਿਜੇ ਵਿੱਚ ਲਿਖਿਆ ਕਿ "ਜੇ ਮੈਂ ਮੁੜ ਨੌਜਵਾਨ ਹੋ ਜਾਂਦਾ, ਤਾਂ ਮੈਂ ਵਿਗਿਆਨਕ ਜਾਂ ਵਿਦਵਾਨ, ਜਾਂ ਅਧਿਆਪਕ ਬਣਨ ਦੀ ਕੋਸ਼ਿਸ਼ ਨਹੀਂ ਕਰਦਾ, ਉਸਦੀ ਥਾਂ ਆਜ਼ਾਦੀ ਦੀ ਆਸ ਵਿੱਚ ਮੈਂ ਇਕ ਪਲੰਬਰ ਜਾਂ ਫੇਰੀਵਾਲਾ ਬਣਨਾ ਪਸੰਦ ਕਰਦਾ ਕਿਉਂਕਿ ਇਨ੍ਹਾਂ ਪੇਸ਼ਿਆਂ ਵਿੱਚ ਅੱਜ ਦੀ ਹਾਲਤ ਵਿੱਚ ਵੀ ਥੋੜ੍ਹੀ ਜਿਹੀ ਆਜ਼ਾਦੀ ਬਚੀ ਹੋਈ ਹੈ।"

ਆਈਨਸਟੀਨ ਨੇ ਇਸ ਤੋਂ ਵੀ ਔਖੀਆਂ ਅਤੇ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਕੁੱਝ ਹੋਰ ਰਾਜਨੀਤਕ ਸਰਗਰਮੀਆਂ ਨੂੰ ਵੀ ਨੇਪਰੇ ਚਾੜ੍ਹਿਆ।

ਕਿਸੇ ਦੂਸਰੀ ਘਟਨਾ ਨੇ ਸ਼ਾਇਦ ਹੀ ਕੌਮਾਂਤਰੀ ਭਾਈਚਾਰੇ ਦਾ ਇੰਨਾ ਵੱਧ ਧਿਆਨ ਖਿੱਚਿਆ ਹੋਵੇ ਜਿੰਨਾ ਜੂਲੀਅਸ ਅਤੇ ਏਥੇਲ ਰੋਜੇਨਬਰਗ ਦੇ ਖਿਲਾਫ਼ ਮੁਕੱਦਮੇ ਵਿੱਚ ਦਖ਼ਲ ਦਾ ਉਹਨਾਂ ਦਾ ਯਤਨ। 1953 ਵਿੱਚ ਆਈਨਸਟੀਨ ਨੇ ਜੱਜ ਇਰਵਿੰਗ ਕਾਫਮੈਨ ਨੂੰ ਇਕ ਚਿੱਠੀ ਲਿਖ ਕੇ ਦੱਸਿਆ ਕਿ ਮੁਕੱਦਮੇ ਦੀ ਕਾਰਵਾਈ ਦੇ ਰਿਕਾਰਡ ਤੋਂ ਬਚਾਅ ਪੱਖ ਦਾ ਅਪਰਾਧ ਸਾਬਤ ਨਹੀਂ ਹੁੰਦਾ ਅਤੇ "ਇਸ ਵਿੱਚ ਸ਼ੱਕ ਦੀ ਭਰਪੂਰ ਗੁੰਜਾਇਸ਼ ਹੈ।" ਉਹਨਾਂ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਉਹਨਾਂ ਖਿਲਾਫ਼ ਦਿੱਤੇ ਗਏ ਵਿਗਿਆਨਕ ਸਬੂਤ, ਜੇਕਰ ਉਹ ਸਹੀ ਹਨ ਤਾਂ ਵੀ, ਕਿਸੇ ਅਹਿਮ ਭੇਦ ਦਾ ਖੁਲਾਸਾ ਨਹੀਂ ਕਰਦੇ। ਜਦੋਂ ਉਹਨਾਂ ਨੂੰ ਕੋਈ ਉੱਤਰ ਨਹੀਂ ਮਿਲਿਆ ਤਾਂ ਉਹਨਾਂ ਨੇ ਆਪਣਾ ਮੱਤ ਰੱਖਦੇ ਹੋਏ ਰਾਸ਼ਟਰਪਤੀ ਨੂੰ ਚਿੱਠੀ ਲਿਖੀ। ਟਰੂਮੈਨ ਨੇ ਵੀ ਕੋਈ ਜਵਾਬ ਨਹੀਂ ਦਿੱਤਾ। ਤਦ ਆਈਨਸਟੀਨ ਨੇ ਆਪਣੀ ਚਿੱਠੀ ਜਨਤਕ ਕਰਦੇ ਹੋਏ ਮੀਡੀਆ ਵਿੱਚ ਦੇ ਦਿੱਤੀ ਅਤੇ ਬਾਅਦ ਵਿੱਚ ਨਿਊਯਾਰਕ ਟਾਈਮਜ਼ ਵਿੱਚ ਇਕ ਲੇਖ ਲਿਖ ਕੇ ਫਾਂਸੀ ਦੀ ਸਜਾ ਮਾਫ ਕਰਨ ਦੀ ਮੰਗ ਕੀਤੀ। ਇਹ

ਦੁਖਾਂਤ ਹੈ ਕਿ ਇਸ ਮਾਮਲੇ ਵਿੱਚ ਆਈਨਸਟੀਨ ਦੀ ਪ੍ਰਸਿੱਧੀ ਕਿਸੇ ਕੰਮ ਨਹੀਂ ਆਈ। 19 ਜੂਨ ਨੂੰ ਸਿੰਗ-ਸਿੰਗ ਦੀ ਬਿਜਲੀ ਦਾ ਝਟਕਾ ਦੇਣ ਵਾਲੀ ਕੁਰਸੀ ਵਿੱਚ ਰੋਜ਼ੇਨਬਰਗ ਜੋੜੇ ਦੀ ਮੌਤ ਹੋਈ।

ਇਸ ਤੋਂ ਦੋ ਸਾਲ ਪਹਿਲਾਂ 1951 ਵਿੱਚ ਜਦੋਂ ਆਈਨਸਟੀਨ ਦੇ ਦੋਸਤ ਡਬਲਿਊ. ਈ. ਬੀ. ਡੂ ਬੋਇਸ 'ਤੇ ਉਹਨਾਂ ਦੀਆਂ ਸ਼ਾਂਤੀ ਹਮਾਇਤੀ ਕਾਰਵਾਈਆਂ ਲਈ, ਸੋਵੀਅਤ ਏਜੰਟ ਹੋਣ ਦਾ ਮਨਘੜ੍ਹਤ ਦੋਸ਼ ਲਗਾ ਕੇ ਮੁਕੱਦਮਾ ਚਲਾਇਆ ਗਿਆ ਤਾਂ ਉਹਨਾਂ ਨੇ ਡੂ ਬੋਇਸ ਦੇ ਬਚਾਅ ਲਈ ਫੰਡ ਇਕੱਠਾ ਕਰਨ ਲਈ ਰਾਬਸਨ ਅਤੇ ਨਾਗਰਿਕ ਅਧਿਕਾਰਾਂ ਦੀ ਨਾਇਕਾ ਮੇਰੀ ਮੇਕਲਾਯਡ ਬੇਥਯੂਨ ਨਾਲ ਰਲ ਕੇ ਇਕ ਰਾਤ ਦੇ ਭੋਜਨ ਅਤੇ ਇਕ ਰੈਲੀ ਦਾ ਬੰਦੋਬਸਤ ਕੀਤਾ। ਡੂ ਬੋਇਸ ਦੇ ਵਕੀਲ ਸਾਬਕਾ ਸੰਸਦ ਮੈਂਬਰ ਰੈਡੀਕਲ ਬੁਲਾਰੇ ਵੀਟੋ ਮਾਰਕੇਂਟੋਨਿਯੋ ਨੇ ਦੋਸ਼ ਲਾਉਣ ਵਾਲੇ ਪੱਖ ਦੁਆਰਾ ਆਪਣਾ ਕੇਸ ਵਾਪਸ ਲੈਣ ਦੇ ਪਹਿਲੇ ਹੀ ਮੁਕੱਦਮੇ ਨੂੰ ਇਕ ਭਿਆਨਕ ਜੰਗੇ ਮੈਦਾਨ ਵਿੱਚ ਬਦਲ ਦਿੱਤਾ ਸੀ। ਜੇ ਇਹ ਮੁਕੱਦਮਾ ਚੱਲਦਾ ਰਹਿੰਦਾ ਤਾਂ ਮਾਰਕੇਂਟੋਨਿਯੋ ਨੇ ਯੋਜਨਾ ਬਣਾਈ ਸੀ ਕਿ ਉਹ ਬਚਾਅ ਦੇ ਪਹਿਲੇ ਗਵਾਹ ਦੇ ਤੌਰ 'ਤੇ ਆਈਨਸਟੀਨ ਨੂੰ ਪੇਸ਼ ਕਰਨਗੇ।

"ਲਾਲ ਸ਼ੰਕਾ" ਦੇ ਦਿਨਾਂ ਵਿੱਚ ਜਿਹੜੇ ਵਿਅਕਤੀ ਨੂੰ ਸ਼ਾਇਦ ਸਭ ਤੋਂ ਵੱਧ ਸਤਾਇਆ ਗਿਆ ਜਾਂ ਅਲਹਿਦਗੀ ਵਿੱਚ ਸੁੱਟਿਆ ਗਿਆ, ਉਹ ਸਨ - ਕਾਲਿਆਂ ਦੇ ਨਜ਼ਾਇਜ ਕਤਲਾਂ ਖਿਲਾਫ਼ ਸੰਘਰਸ਼ਸ਼ੀਲ, ਆਈਨਸਟੀਨ ਦੇ ਮਹਾਨ ਸਹਿਯੋਧਾ ਪਾਲ ਰਾਬਸਨ। ਗੋਰੀ ਚਮੜੀ ਦੀ ਸਰਵਉੱਚਤਾ ਵਿਰੁੱਧ ਜੁਝਾਰੂ ਘੋਲ ਚਲਾਉਣ ਕਰਕੇ ਉਹਨਾਂ ਉਪਰ ਜਿੰਨੇ ਹਮਲੇ ਹੋਏ, ਓਨੇ ਹੀ ਉਹਨਾਂ ਦੇ ਰੈਡੀਕਲ ਹੋਣ ਅਤੇ ਪੂਰੇ ਅਫਰੀਕਾ ਦੀ ਆਜ਼ਾਦੀ ਦੀ ਮੰਗ ਰੱਖਣ ਦੇ ਕਾਰਨ ਵੀ ਹੋਏ। ਆਪਣੇ ਹੀ ਦੇਸ਼ ਵਿੱਚ, ਅਸਲੀ ਅਰਥਾਂ ਵਿੱਚ, ਰਾਬਸਨ ਦੀ ਹੋਂਦ ਨੂੰ ਨਕਾਰ ਦਿੱਤਾ ਗਿਆ - ਉਹਨਾਂ ਨੂੰ ਰੋਜ਼ੀ-ਰੋਟੀ ਲਈ ਕੰਮ ਕਰਨ, ਸੰਗੀਤ ਸਮਾਰੋਹਾਂ ਲਈ ਜਗ੍ਹਾ ਦੇਣ ਅਤੇ ਯਾਤਰਾ ਕਰਨ ਤੋਂ ਵੀ ਮਨ੍ਹਾ ਕਰ ਦਿੱਤਾ ਗਿਆ। 1952 ਵਿੱਚ ਰਾਬਸਨ ਦੇ ਆਸੇ ਪਾਸੇ ਪਸਰੀ ਚੁੱਪ ਦੇ ਪਰਦਿਆ ਨੂੰ ਪਾੜ ਸੁੱਟਣ ਲਈ ਆਈਨਸਟੀਨ ਨੇ ਉਹਨਾਂ ਨੂੰ ਅਤੇ ਉਹਨਾਂ ਦਾ ਸਾਥ ਦੇਣ ਵਾਲੇ ਕਲਾਕਾਰ ਲਾਯਡ ਬ੍ਰਾਉਨ ਨੂੰ ਦੁਪਹਿਰ ਦੇ ਭੋਜਨ ਲਈ ਸੱਦਾ ਦਿੱਤਾ।ਖਾਣੇ ਤੋਂ ਬਾਅਦ ਤਿੰਨੋਂ ਜਣੇ ਵਿਗਿਆਨ, ਸੰਗੀਤ ਅਤੇ ਰਾਜਨੀਤੀ ਵਰਗੇ ਆਪਸੀ ਰੁਚੀ ਦੇ ਸਾਰੇ ਵਿਸ਼ਿਆਂ 'ਤੇ ਕਾਫੀ ਦੇਰ ਤੱਕ ਗੱਲਾਂ ਕਰਦੇ ਰਹੇ। ਇਕ ਸਮੇਂ, ਜਦੋਂ ਰਾਬਸਨ ਕਮਰੇ 'ਚੋਂ ਬਾਹਰ ਸਨ। ਤਦ ਬ੍ਰਾਊਨ ਨੇ ਕਿਹਾ ਕਿ ਅਜਿਹੇ ਮਹਾਨ ਆਦਮੀ ਨਾਲ਼ ਹੋਣਾ ਕਿੰਨੇ ਆਦਰ ਦੀ ਗੱਲ ਹੈ। ਆਈਨਸਟੀਨ ਦਾ ਜਵਾਬ ਸੀ, "ਪਰ ਇਸ ਮਹਾਨ ਆਦਮੀ ਨੂੰ ਇਥੇ ਲਿਆਉਣ ਵਾਲੇ ਤਾਂ ਤੁਸੀਂ ਹੀ ਹੋ।"

ਆਪਣੇ ਜੀਵਨ ਦੇ ਆਖ਼ਰੀ ਸਾਲਾਂ ਵਿੱਚ ਆਈਨਸਟੀਨ ਨਿੱਜੀ ਅਤੇ ਜਨਤਕ ਪੱਧਰ 'ਤੇ ਵਿਰੋਧ ਦੀਆਂ ਸਰਗਰਮੀਆਂ ਵਿੱਚ ਲੱਗੇ ਰਹੇ। ਅਜੇ ਵੀ ਉਹਨਾਂ ਦੀ ਜਾਣ-ਪਛਾਣ ਅਤੇ ਪ੍ਰਭਾਵ ਦਾ ਇਕ ਅੱਛਾ-ਖਾਸਾ ਘੇਰਾ ਸੀ ਜਿਸ ਦੇ ਰਾਹੀਂ ਉਹ ਉਹਨਾਂ ਲੋਕਾਂ

ਲਈ ਕੰਮ ਲੱਭਿਆ ਕਰਦੇ ਸਨ ਜਿਨ੍ਹਾਂ ਨੂੰ ਫਰਾਇਨਗਲਾਸ ਅਤੇ ਦੂਜੇ ਲੋਕਾਂ ਵਾਂਗ ਜਾਂਚ ਕਮੇਟੀਆਂ ਨਾਲ ਸਹਿਯੋਗ ਨਾ ਕਰਨ ਕਰਕੇ ਨੌਕਰੀਆਂ ਤੋਂ ਕੱਢ ਦਿੱਤਾ ਜਾਂਦਾ ਸੀ। 1954 ਵਿੱਚ ਉਹਨਾਂ ਨੇ 'ਐਮਰਜੈਂਸੀ ਨਾਗਰਿਕ ਸੁਤੰਤਰਤਾ ਕਮੇਟੀ' ਨੂੰ ਆਪਣੇ 75ਵੇਂ ਜਨਮ ਦਿਨ 'ਤੇ ਨਾਗਰਿਕ ਸੁਤੰਤਰਤਾ 'ਤੇ ਜ਼ਬਰ ਖਿਲਾਫ਼ ਘੋਲਾਂ ਬਾਰੇ ਇਕ ਸੰਮੇਲਨ ਆਯੋਜਿਤ ਕਰਨ ਦੀ ਆਗਿਆ ਦੇ ਦਿੱਤੀ। ਕਮਿਊਨਿਸਟਾਂ ਦਾ ਬਚਾਅ ਕਰਨ ਅਤੇ ਰੋਜਨਬਰਗ ਮਾਮਲੇ ਦੁਆਰਾ ਚੁੱਕੇ ਗਏ ਨਾਗਰਿਕ ਸੁਤੰਤਰਤਾ ਦੇ ਸਵਾਲਾਂ ਨੂੰ ਏਜੰਡੇ 'ਤੇ ਲਿਆਉਣ ਵਿੱਚ ਅਮਰੀਕੀ ਨਾਗਰਿਕ ਸੁਤੰਤਰਤਾ ਜੱਥੇਬੰਦੀਆਂ ਦੇ ਅਸਫ਼ਲ ਰਹਿਣ ਦੀ ਪ੍ਰਤੀਕਿਰਿਆ ਦੇ ਫਲਸਰੂਪ ਇਹ ਕਮੇਟੀ ਬਣਾਈ ਗਈ। ਇਸ ਸੰਮੇਲਨ ਦੇ ਬੁਲਾਰਿਆਂ ਵਿੱਚ ਆਈ. ਐੱਫ. ਸਟੋਨ, ਖਗੋਲ ਵਿਗਿਆਨੀ ਅਤੇ ਕਾਰਕੁੰਨ ਹਾਰਲੋ ਸਾਪਲੇ, ਸਮਾਜ ਵਿਗਿਆਨੀ ਈ. ਫਰੇਂਕਲਿਨ ਫਰੇਜਰ ਅਤੇ ਹੈਨਰੀ ਪ੍ਰੇਟ ਫੇਯਰਚਾਈਲਡ ਅਤੇ ਰਾਜਨੀਤੀ ਵਿਗਿਆਨ ਦੇ ਐੱਚ. ਐੱਚ. ਵਿਲਸਨ ਵਰਗੇ ਲੋਕ ਸ਼ਾਮਿਲ ਸਨ। ਸੰਮੇਲਨ ਦੇ ਬਾਅਦ ਕਮੇਟੀ ਪ੍ਰਗਟਾਵੇ ਦੀ ਆਜ਼ਾਦੀ ਦੀ ਹਿਫਾਜਤ, ਮਜ਼ਦੂਰਾਂ ਦੇ ਅਧਿਕਾਰਾਂ ਲਈ ਘੋਲ ਅਤੇ ਨਾਗਰਿਕ ਅਧਿਕਾਰਾਂ ਲਈ ਤਰ੍ਹਾਂ ਤਰ੍ਹਾਂ ਦੀਆਂ ਮੁਹਿੰਮਾਂ ਦੇ ਰਾਹ 'ਤੇ 46 ਸਾਲਾਂ ਤੱਕ ਚੱਲਦੀ ਰਹੀ।

ਇਹ ਜਾਣਨਾ ਔਖਾ ਹੈ ਕਿ ਆਈਨਸਟੀਨ ਦੀ ਰਾਜਨੀਤੀ ਦੇ ਇਸ ਸੰਖੇਪ ਅਤੇ ਨਿਸ਼ਚੇ ਹੀ, ਅੱਧੇ-ਅਧੂਰੇ ਸਾਰੰਸ਼ ਦਾ ਅੰਤ ਕਿਵੇਂ ਕੀਤਾ ਜਾਵੇ। ਉਦਾਹਰਣ ਵਜੋਂ, ਇਕ ਖਾਸ

ਕਿਸਮ ਦੇ ਸੰਸਾਰ ਢਾਂਚੇ ਅਤੇ ਸ਼ਾਂਤੀਵਾਦ ਨਾਲ਼ ਆਈਨਸਟੀਨ ਦੀ ਜੀਵਨ ਭਰ ਦੀ ਪ੍ਰਤੀਬੱਧਤਾ 'ਤੇ ਕੋਈ ਚਰਚਾ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਆਪਣੇ ਭੌਤਿਕ ਵਿਗਿਆਨੀ ਅਤੇ ਮਾਰਕਸਵਾਦੀ ਮਿੱਤਰ ਲਿਯੋਪੋਲਡ ਨਾਲ਼ ਉਹਨਾਂ ਦੇ ਲੰਮੇ ਲਗਾਅ ਦਾ ਹੀ ਜ਼ਿਕਰ ਕੀਤਾ ਗਿਆ ਹੈ। ਦੂਜੇ ਬਹੁਤ ਸਾਰੇ ਖੱਬੇਪੱਖੀ ਵਿਗਿਆਨਕਾਂ ਵਾਂਗ ਆਈਨਸਟੀਨ ਵੀ ਆਮ ਲੋਕਾਈ ਨੂੰ ਵਿਗਿਆਨਕ ਸਿੱਖਿਆ ਦੇਣ ਲਈ ਡੂੰਘੀ ਪ੍ਰਤੀਬੱਧਤਾ ਰੱਖਦੇ ਸਨ, ਤਾਂ ਕਿ ਰੂੜੀਵਾਦ ਅਤੇ ਭੇਦਭਰੇ ਨਕਲੀ ਵਿਗਿਆਨ ਵਿਰੁੱਧ ਇਕ ਹਥਿਆਰ ਦੇ ਰੂਪ ਵਿੱਚ ਇਸਦੀ ਵਰਤੋਂ ਕੀਤੀ ਜਾ ਸਕੇ। ਅੱਜ ਕੱਲ੍ਹ ਵਾਂਗ ਹੀ, ਉਸ ਜ਼ਮਾਨੇ ਵਿੱਚ ਵੀ ਰਾਜਨੀਤਕ ਅਤੇ ਸਮਾਜਿਕ ਪਿਛਾਖੜੀ ਤਾਕਤਾਂ ਨੂੰ ਹੱਲਾਸ਼ੇਰੀ ਦੇਣ ਲਈ ਅੰਧਵਿਸ਼ਵਾਸ ਅਤੇ ਰੱਹਸਵਾਦ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਸੀ।

18 ਅਪ੍ਰੈਲ 1955 ਨੂੰ ਆਪਣੀ ਮੌਤ ਤੋਂ ਥੋੜ੍ਹੇ ਹੀ ਦਿਨ ਪਹਿਲਾਂ ਆਈਨਸਟੀਨ ਨੇ ਇਕ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਸਨ ਜੋ 'ਆਈਨਸਟੀਨ ਰਸੇਲ' ਐਲਾਨਨਾਮੇ ਦੇ ਨਾਂ ਨਾਲ਼ ਪ੍ਰਸਿੱਧ ਹੋਇਆ। ਇਸ ਵਿੱਚ ਸਿਧਾਂਤਕ ਭੌਤਿਕ ਵਿਗਿਆਨੀ ਅਤੇ ਫਿਲਾਸਫਰ ਗਣਿਤਕਾਰ ਬਰਟ੍ਰੇਂਡ ਰਸੇਲ ਸ਼ਾਂਤੀਵਾਦ ਦੇ ਅਸਪੱਸ਼ਟ ਨੈਤਿਕ ਤਰਕਾਂ ਨਾਲ਼ ਅੱਗੇ ਜਾਂਦੇ ਹਨ। ਉਸ ਦੀ ਥਾਂ ਉਹ ਰਾਜਨੀਤਕ ਬਦਲ ਪੇਸ਼ ਕਰਦੇ ਹਨ, "ਜੇਕਰ ਅਸੀਂ ਚੁਣੀਏ ਤਾਂ ਸਾਡੇ ਸਾਹਮਣੇ ਆਨੰਦ, ਗਿਆਨ ਅਤੇ ਬੁੱਧੀ ਵਿੱਚ ਲਗਾਤਾਰ ਪ੍ਰਗਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਕੀ ਅਸੀਂ ਉਹਨਾਂ ਦੀ ਥਾਂ ਮੌਤ ਨੂੰ ਚੁਣ ਲਈਏ, ਕਿਉਂਕਿ ਅਸੀਂ ਆਪਸੀ ਝਗੜਿਆਂ ਨੂੰ ਨਹੀਂ ਭੁੱਲ ਸਕਦੇ ? ਇਕ ਮਨੁੱਖ ਹੋਣ ਨਾਤੇ ਅਸੀਂ ਸਾਰੇ ਮਨੁੱਖਾਂ ਨੂੰ ਅਪੀਲ ਕਰਦੇ ਹਾਂ ਕਿ ਅੰਦਰਲੀ ਮਨੁੱਖਤਾ ਨੂੰ ਯਾਦ ਰੱਖੋ ਅਤੇ ਬਾਕੀ ਸਾਰਾ ਕੁੱਝ ਭੁੱਲਾ ਦਿਓ। ਜੇਕਰ ਤੁਸੀਂ ਅਜਿਹਾ ਕਰ ਸਕੇ ਤਾਂ ਇਕ ਨਵੇਂ ਸਵਰਗ ਦਾ ਰਾਹ ਤੁਹਾਡੇ ਲਈ ਖੁੱਲ੍ਹਾ ਪਿਆ ਹੈ। ਜੇਕਰ ਤੁਸੀਂ ਅਜਿਹਾ ਨਹੀਂ ਕਰ ਸਕੇ ਤਾਂ ਸੰਸਾਰ ਪੱਧਰੀ ਮੌਤ ਦਾ ਖਤਰਾ ਤੁਹਾਡੇ ਸਾਹਮਣੇ ਹੈ।"

ਆਪਣੇ ਵਿਦਿਆਰਥੀ ਜੀਵਨ ਤੋਂ ਲੈ ਕੇ ਆਪਣੇ ਆਖ਼ਰੀ ਸਾਹ ਤੱਕ ਆਈਨਸਟੀਨ ਇਕ ਰੈਡੀਕਲ ਬਣੇ ਰਹੇ। ਆਪਣੇ ਵੇਲੇ ਦੇ ਰਾਜਨੀਤਕ ਘਟਨਾਕ੍ਰਮ ਅਤੇ ਆਪਣੇ ਸੰਸਾਰ ਨਜ਼ਰੀਏ ਬਾਰੇ ਚਿੰਤਨ ਕਰਦੇ ਹੋਏ ਉਹਨਾਂ ਨੇ ਆਪਣੇ ਇਕ ਦੋਸਤ ਨੂੰ ਕਦੇ ਕਿਹਾ ਸੀ ਕਿ ਉਹ ਕੁੱਲ ਜੀਵਨ "ਇਨਕਲਾਬੀ" ਬਣੇ ਰਹੇ ਅਤੇ ਅਜੇ ਵੀ ਇਕ "ਅੱਗ ਉਗਲਣ ਵਾਲਾ ਜਵਾਲਾਮੁਖੀ" ਹਨ।

✲ ✲ ✲ ✲ ✲

ਸਮਾਜਵਾਦ ਹੀ ਕਿਉਂ ?

— ਐਲਬਰਟ ਆਈਨਸਟੀਨ

ਕੀ ਅਜਿਹੇ ਵਿਅਕਤੀ ਦਾ ਸਮਾਜਵਾਦ ਬਾਰੇ ਵਿਚਾਰ ਕਰਨਾ ਜਾਇਜ਼ ਹੈ ਜੋ ਆਰਥਿਕ-ਸਮਾਜਿਕ ਮਾਮਲਿਆਂ ਦਾ ਮਾਹਿਰ ਨਹੀਂ ਹੈ ? ਕਈ ਕਾਰਨਾਂ ਤੋਂ ਮੇਰਾ ਵਿਸ਼ਵਾਸ ਹੈ ਕਿ ਇਹ ਜਾਇਜ਼ ਹੈ।

ਸਭ ਤੋਂ ਪਹਿਲਾਂ ਵਿਗਿਆਨ ਦੇ ਨਜ਼ਰੀਏ ਤੋਂ ਇਸ ਸਵਾਲ 'ਤੇ ਵਿਚਾਰ ਕਰੋ। ਇੰਝ ਹੋ ਸਕਦਾ ਹੈ ਕਿ ਖਗੋਲ ਵਿਗਿਆਨ ਅਤੇ ਅਰਥ ਸ਼ਾਸਤਰ ਵਿੱਚ ਕਾਰਜ ਪੱਧਤੀ ਦਾ ਕੋਈ ਮੁੱਢਲਾ ਫਰਕ ਨਹੀਂ ਹੈ, ਦੋਵਾਂ ਹੀ ਖੇਤਰਾਂ 'ਚ ਵਿਗਿਆਨੀ ਕਿਸੇ ਘਟਨਾ ਦੇ ਤੱਤਾਂ ਨੂੰ ਜਿੱਥੋਂ ਤੱਕ ਸੰਭਵ ਹੈ ਸਪੱਸ਼ਟ ਢੰਗ ਨਾਲ਼ ਸਮਝਣ ਲਾਇਕ ਬਣਾਉਣ ਲਈ ਉਹਨਾਂ ਘਟਨਾਵਾਂ ਦੇ ਇਕ ਸੀਮਿਤ ਸਮੂਹ ਲਈ ਆਮ ਤੌਰ 'ਤੇ ਪ੍ਰਵਾਨਤ ਨਿਯਮਾਂ ਨੂੰ ਲੱਭਣ ਦਾ ਯਤਨ ਕਰਦੇ ਹਨ। ਪਰ ਅਸਲ ਵਿੱਚ, ਇਹਨਾਂ ਦੋਵਾਂ ਵਿਗਿਆਨਾਂ ਦਰਮਿਆਨ ਕਾਰਜ ਪੱਧਤੀ ਦਾ ਫਰਕ ਮੌਜੂਦ ਹੈ। ਅਰਥ ਵਿਗਿਆਨ ਦੇ ਖੇਤਰ ਵਿੱਚ ਆਮ ਨਿਯਮਾਂ ਦੀ ਖੋਜ ਇਸ ਗੱਲ ਨਾਲ਼ ਔਖੀ ਹੋ ਜਾਂਦੀ ਹੈ ਕਿ ਜਿਨ੍ਹਾਂ ਆਰਥਿਕ ਘਟਨਾਵਾਂ ਦਾ ਅਸੀਂ ਨਿਰੀਖਣ ਕਰਦੇ ਹਾਂ ਉਹਨਾਂ ਨੂੰ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਪ੍ਰਭਾਵਿਤ ਕਰਦੀਆਂ ਹਨ ਜਿੰਨ੍ਹਾਂ ਦਾ ਮੁਲਾਂਕਣ ਅਲੱਗ ਤੋਂ ਕਰ ਸਕਣਾ ਔਖਾ ਹੁੰਦਾ ਹੈ। ਇਸਤੋਂ ਇਲਾਵਾ, ਜਿਵੇਂ ਕਿ ਸਾਰੇ ਜਾਣਦੇ ਹਨ, ਮਨੁੱਖੀ ਇਤਿਹਾਸ ਦੇ ਅਖੌਤੀ ਸੱਭਿਅਕ ਦੌਰ ਦੇ ਸ਼ੁਰੂ ਤੋਂ ਹੀ ਇਕੱਠੇ ਹੋਏ ਤਜ਼ਰਬੇ ਅਜਿਹੇ ਕਾਰਨਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਅਤੇ ਸੀਮਿਤ ਹੁੰਦੇ ਰਹੇ ਹਨ ਜੋ ਸੰਭਵ ਤੌਰ 'ਤੇ ਕਿਸੇ ਵੀ ਤਰ੍ਹਾਂ ਸਿਰਫ਼ ਆਰਥਿਕ ਨਹੀਂ ਹੁੰਦੇ। ਉਦਾਹਰਣ ਲਈ, ਇਤਿਹਾਸ ਵਿੱਚ ਜ਼ਿਆਦਾਤਰ ਵੱਡੇ ਰਾਜਾਂ ਦੀ ਹੋਂਦ ਹੋਰ ਦੇਸ਼ਾਂ ਨੂੰ ਜਿੱਤਣ 'ਤੇ ਅਧਾਰਿਤ ਰਹੀ ਹੈ। ਜੇਤੂ ਲੋਕਾਂ ਨੇ ਆਰਥਿਕ ਅਤੇ ਕਾਨੂੰਨੀ ਤੌਰ 'ਤੇ ਖੁਦ ਨੂੰ ਜੇਤੂ ਦੇਸ਼ ਦੀ ਖਾਸ ਅਧਿਕਾਰ ਪ੍ਰਾਪਤ ਜਮਾਤ ਦੇ ਰੂਪ ਵਿੱਚ ਸਥਾਪਿਤ ਕੀਤਾ। ਉਹਨਾਂ ਨੇ ਜ਼ਮੀਨ ਦੀ ਮਲਕੀਅਤ ਵਿੱਚ ਆਪਣਾ ਅਧਿਕਾਰ ਕਾਇਮ ਕੀਤਾ ਅਤੇ ਆਪਣੇ ਹੀ ਵਿਚਾਲੇ ਲੋਕਾਂ ਵਿੱਚੋਂ ਪੁਰੋਹਿਤ ਨਿਯੁਕਤ ਕੀਤੇ। ਸਿੱਖਿਆ 'ਤੇ ਕੰਟਰੋਲ ਰੱਖਣ ਵਾਲੇ ਪੁਰੋਹਿਤਾਂ ਨੇ ਸਮਾਜ ਦੀ ਜਮਾਤੀ ਵੰਡ ਨੂੰ ਇਕ ਸਥਾਈ ਸੰਸਥਾ ਦਾ ਰੂਪ ਦਿੱਤਾ ਅਤੇ ਕੀਮਤਾਂ ਦੇ ਇਕ ਢਾਂਚੇ ਦੀ ਰਚਨਾ ਕੀਤੀ, ਜਿਸ ਨਾਲ਼ ਉਸੇ ਵੇਲੇ ਤੋਂ ਲੋਕ ਕਾਫ਼ੀ ਹੱਦ ਤੱਕ ਅਚੇਤਨ ਰੂਪ ਨਾਲ਼, ਆਪਣੇ ਸਮਾਜਿਕ ਅਮਲ ਵਿੱਚ ਨਿਰਦੇਸ਼ਤ ਹੁੰਦੇ

ਹਨ।

ਥੋਸਰਟੀਨ ਬੇਵਲੇਨ ਦੁਆਰਾ ਦੱਸੀ ਗਈ ਮਨੁੱਖੀ ਵਿਕਾਸ ਦੀ 'ਲੁੱਟ-ਖਸੁੱਟ ਦੀ ਹਾਲਤ' ਕਹਿਣ ਨੂੰ ਤਾਂ ਬੀਤੇ ਦਿਨਾਂ ਦੀ ਇਤਿਹਾਸਕ ਰਵਾਇਤ ਹੈ ਪਰ ਅਸੀਂ ਅੱਜ ਵੀ ਇਸ ਤੋਂ ਅਗੇ ਨਹੀਂ ਵੱਧ ਸਕਦੇ ਹਾਂ। ਜਿਨ੍ਹਾਂ ਆਰਥਿਕ ਤੱਥਾਂ ਦਾ ਅਸੀਂ ਨਿਰੀਖਣ ਕਰ ਸਕਦੇ ਹਾਂ ਉਹ ਇਸੇ ਹਾਲਤ ਦੇ ਹਨ। ਇਸ ਲਈ ਉਹਨਾਂ ਤੋਂ ਕੱਢੇ ਗਏ ਨਿਯਮ ਵੀ ਦੂਸਰੀਆਂ ਹਾਲਤਾਂ 'ਤੇ ਲਾਗੂ ਨਹੀਂ ਹੁੰਦੇ। ਕਿਉਂਕਿ ਸਮਾਜਵਾਦ ਦਾ ਅਸਲੀ ਟੀਚਾ ਯਕੀਨੀ ਤੌਰ 'ਤੇ ਮਨੁੱਖੀ ਵਿਕਾਸ ਨੂੰ, ਇਸ ਲੁੱਟ-ਖਸੁੱਟ ਦੀ ਸਥਿਤੀ ਨੂੰ ਪਾਰ ਕਰਨਾ ਅਤੇ ਉਸ ਤੋਂ ਅੱਗੇ ਵਧਣਾ ਹੈ, ਇਸ ਲਈ ਆਪਣੀ ਮੌਜੂਦਾ ਹਾਲਤ ਵਿੱਚ ਅਰਥ-ਸ਼ਾਸਤਰ ਭਵਿੱਖ ਦੇ ਸਮਾਜਵਾਦੀ ਸਮਾਜ 'ਤੇ ਥੋੜ੍ਹਾ ਹੀ ਚਾਨਣ ਪਾ ਸਕਦਾ ਹੈ।

ਦੂਸਰੇ, ਸਮਾਜਵਾਦ ਦਾ ਇਕ ਨਿਸ਼ਚਿਤ ਸਮਾਜਿਕ ਅਤੇ ਨੈਤਿਕ ਲੱਛਣ ਹੈ। ਵਿਗਿਆਨ ਨਾ ਤਾਂ ਉਦੇਸ਼ਾਂ ਦੀ ਉਸਾਰੀ ਕਰ ਸਕਦਾ ਹੈ ਅਤੇ ਨਾ ਹੀ ਉਹਨਾਂ ਨੂੰ ਮਨੁੱਖ ਦੇ ਅੰਦਰ ਉਤਾਰ ਸਕਦਾ ਹੈ। ਵਿਗਿਆਨ, ਜ਼ਿਆਦਾ ਤੋਂ ਜ਼ਿਆਦਾ, ਕੁਝ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਸਾਧਨ ਜੁਟਾ ਸਕਦਾ ਹੈ ਪਰ ਖੁਦ ਇਹ ਉਦੇਸ਼ ਉਚੇਰੇ ਨੈਤਿਕ ਆਦਰਸ਼ ਵਾਲੇ ਵਿਅਕਤੀਤਵਾਂ ਰਾਹੀਂ ਹੀ ਤੈਅ ਕੀਤੇ ਜਾਂਦੇ ਹਨ ਅਤੇ ਜੇਕਰ ਇਹ ਉਦੇਸ਼ ਮੁਰਦਾ ਨਾ ਹੋ ਕੇ ਜੀਵੰਤ ਅਤੇ ਊਰਜਾਵਾਨ ਹਨ ਤਾਂ ਉਹਨਾਂ ਬਹੁਤ ਸਾਰੇ ਲੋਕਾਂ ਦੁਆਰਾ ਅਪਣਾਏ ਅਤੇ ਅੱਗੇ ਵਧਾਏ ਜਾਂਦੇ ਹਨ ਜੋ ਅੱਧੇ ਅਚੇਤਨ ਰੂਪ ਨਾਲ਼ ਸਮਾਜ ਦੇ ਧੀਮੇ ਵਿਕਾਸ ਨੂੰ ਤੈਅ ਕਰਦੇ ਹਨ।

ਇਹਨਾਂ ਕਾਰਨਾਂ ਕਰਕੇ, ਮਨੁੱਖੀ ਸਮੱਸਿਆਵਾਂ ਦੇ ਸਵਾਲ 'ਤੇ ਸਾਨੂੰ ਵਿਗਿਆਨ ਅਤੇ ਵਿਗਿਆਨਕ ਪੱਧਤੀਆਂ ਨੂੰ ਲੋੜੋਂ ਵੱਧ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ ਅਤੇ ਇਹ ਵੀ ਨਹੀਂ ਮੰਨਣਾ ਚਾਹੀਦਾ ਕਿ ਸਮਾਜ ਦੀ ਜਥੇਬੰਦੀ ਨੂੰ ਪ੍ਰਭਾਵਿਤ ਕਰਨ ਵਾਲੇ ਸਵਾਲਾਂ 'ਤੇ ਪ੍ਰਗਟਾਅ ਦਾ ਅਧਿਕਾਰ ਕੇਵਲ ਮਾਹਿਰਾਂ ਦਾ ਹੀ ਹੈ।

ਅਣਗਿਣਤ ਲੋਕ ਇੱਧਰ ਕੁੱਝ ਸਮੇਂ ਤੋਂ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਮਨੁੱਖੀ ਸਮਾਜ ਇੱਕ ਸੰਕਟ ਦੇ ਦੌਰ 'ਚੋਂ ਲੰਘ ਰਿਹਾ ਹੈ ਅਤੇ ਇਸ ਦੀ ਸਥਿਰਤਾ ਭਿਅੰਕਰ ਰੂਪ ਨਾਲ਼ ਖਿੰਡ-ਪੁੰਡ ਗਈ ਹੈ। ਇਹ ਇਕ ਅਜਿਹੀ ਸਥਿਤੀ ਦਾ ਲੱਛਣ ਹੈ, ਜਦ ਲੋਕ ਉਸ ਛੋਟੇ ਜਾਂ ਵੱਡੇ ਸਮੂਹ ਲਈ ਅਲਹਿਦਗੀ ਜਾਂ ਇੱਥੋਂ ਤੱਕ ਕਿ ਦੁਸ਼ਮਣਾਨਾ ਭਾਵ ਮਹਿਸੂਸ ਕਰਨ ਲੱਗਦੇ ਹਨ, ਜਿਸ ਵਿੱਚ ਉਹ ਰਹਿੰਦੇ ਹਨ। ਆਪਣੀ ਗੱਲ ਸਾਫ਼ ਕਰਨ ਲਈ ਇੱਕ ਨਿੱਜੀ ਤਜ਼ਰਬਾ ਦੱਸਾਂ। ਹੁਣੇ ਹੀ ਮੈਂ ਇਕ ਵਿਦਵਾਨ ਸੱਜਣ ਨਾਲ ਇਕ ਹੋਰ ਜੰਗ ਦੇ ਖਤਰੇ ਬਾਰੇ ਗੱਲਬਾਤ ਕੀਤੀ ਜੋ ਮੇਰੇ ਖਿਆਲ 'ਚ ਮਨੁੱਖਤਾ ਦੀ ਹੋਂਦ ਲਈ ਗੰਭੀਰ ਸੰਕਟ ਪੈਦਾ ਕਰ ਦੇਵੇਗੀ ਅਤੇ ਮੈਂ ਕਿਹਾ ਕਿ ਉਸ ਸੰਕਟ ਤੋਂ ਕੇਵਲ ਇਕ ਕੌਮੀ ਹਿੱਤਾਂ ਤੋਂ ਉੱਪਰ ਉੱਠ ਕੇ ਬਣੀ ਦੇਸ਼ਾ ਦੀ ਜਥੇਬੰਦੀ ਹੀ ਰੱਖਿਆ ਕਰ ਸਕਦੀ ਹੈ। ਇਸ 'ਤੇ ਮੇਰੇ ਮਹਿਮਾਨ ਨੇ ਬੜੇ ਸ਼ਾਂਤ ਅਤੇ ਠੰਡੇ ਢੰਗ ਨਾਲ਼ ਕਿਹਾ, ਤੁਸੀਂ ਮਨੁੱਖ ਜਾਤੀ ਦੇ ਮਿਟ ਜਾਣ ਦਾ ਇੰਨੀ ਗੰਭੀਰਤਾ ਨਾਲ਼ ਕਿਉਂ

ਵਿਰੋਧ ਕਰਦੇ ਹੋ ?

ਮੈਨੂੰ ਯਕੀਨ ਹੈ ਕਿ ਘੱਟ ਤੋਂ ਘੱਟ ਇਕ ਸਦੀ ਪਹਿਲਾਂ ਕਿਸੇ ਨੇ ਵੀ ਇੰਨੇ ਹਲਕੇ ਢੰਗ ਨਾਲ਼ ਇਸ ਕਿਸਮ ਦਾ ਬਿਆਨ ਨਾ ਦਿੱਤਾ ਹੁੰਦਾ। ਇਹ ਇਕ ਅਜਿਹੇ ਆਦਮੀ ਦਾ ਬਿਆਨ ਹੈ ਜੋ ਆਪਣੇ ਅੰਦਰ ਸੰਤੁਲਨ ਕਾਇਮ ਕਰਨ ਦੇ ਫਜ਼ੂਲ ਯਤਨ ਕਰਦਾ ਰਿਹਾ ਹੈ ਅਤੇ ਕਾਫੀ ਹੱਦ ਤੱਕ ਇਸ ਵਿੱਚ ਸਫਲ ਹੋਣ ਦੀ ਉਮੀਦ ਗੁਆ ਚੁੱਕਾ ਹੈ। ਇਹ ਇਕ ਅਜਿਹੇ ਦਰਦਨਾਕ ਇਕੱਲੇਪਣ ਅਤੇ ਅਲਹਿਦਗੀ ਦਾ ਪ੍ਰਗਟਾਅ ਹੈ ਜਿਸ ਨਾਲ਼ ਅੱਜ ਕੱਲ੍ਹ ਬਹੁਤ ਸਾਰੇ ਲੋਕ ਪੀੜਤ ਹਨ। ਇਸਦਾ ਕਾਰਨ ਕੀ ਹੈ ? ਕੀ ਕੋਈ ਹੱਲ ਵੀ ਹੈ ?

ਸਵਾਲ ਕਰਨਾ ਅਸਾਨ ਹੈ ਪਰ ਕਿਸੇ ਵੀ ਹੱਦ ਤੱਕ ਭਰੋਸੇਮੰਦ ਜਵਾਬ ਦੇਣਾ ਔਖਾ ਹੈ। ਫਿਰ ਵੀ ਜਿੱਥੋਂ ਤੱਕ ਹੋ ਸਕੇਗਾ, ਮੈਂ ਯਤਨ ਜ਼ਰੂਰ ਕਰਾਂਗਾ, ਭਾਵੇਂ ਇਸ ਤੱਥ ਲਈ ਮੈਂ ਕਾਫੀ ਸੁਚੇਤ ਹਾਂ ਕਿ ਸਾਡੀਆਂ ਭਾਵਨਾਵਾਂ ਅਤੇ ਸਾਡੇ ਯਤਨ ਅਕਸਰ ਇੰਨੇ ਵਿਰੋਧਤਾਈ ਭਰੇ ਅਤੇ ਔਖੇ ਹੁੰਦੇ ਹਨ ਕਿ ਸਿੱਧੇ-ਸਿੱਧੇ ਸਤਰਾਂ 'ਚ ਬਿਆਨ ਨਹੀਂ ਕੀਤੇ ਜਾ ਸਕਦੇ।

ਮਨੁੱਖ ਇਕੋ ਵੇਲੇ ਅਤੇ ਇਕੋ ਵਾਰ ਇਕੱਲਾ ਪ੍ਰਾਣੀ ਵੀ ਹੁੰਦਾ ਹੈ ਅਤੇ ਸਮਾਜਿਕ ਪ੍ਰਾਣੀ ਵੀ। ਇਕ ਇਕੱਲੇ ਪ੍ਰਾਣੀ ਦੀ ਹੈਸੀਅਤ ਨਾਲ਼ ਉਹ ਖੁਦ ਆਪਣੇ ਅਤੇ ਆਪਣੇ ਸਭ ਤੋਂ ਵੱਧ ਕਰੀਬੀ ਲੋਕਾਂ ਦੀ ਹੋਂਦ ਦੀ ਰੱਖਿਆ ਦਾ ਯਤਨ ਕਰਦਾ ਹੈ, ਆਪਣੀਆਂ ਨਿੱਜੀ ਇੱਛਾਵਾਂ ਦੀ ਤ੍ਰਿਪਤੀ ਦਾ ਯਤਨ ਕਰਦਾ ਹੈ ਅਤੇ ਆਪਣੀਆਂ ਸਹਿਜ ਯੋਗਤਾਵਾਂ ਦੇ ਵਿਕਾਸ ਦਾ ਯਤਨ ਕਰਦਾ ਹੈ। ਸਮਾਜਿਕ ਪ੍ਰਾਣੀ ਹੋਣ ਕਰਕੇ ਉਹ ਸੰਗੀ ਸਾਥੀਆਂ ਦਾ ਸੁਨੇਹ ਅਤੇ ਇੱਜ਼ਤ ਹਾਸਲ ਕਰਨੀ ਚਾਹੁੰਦਾ ਹੈ, ਉਹਨਾਂ ਦੀਆਂ ਖੁਸ਼ੀਆਂ ਦਾ ਹਿੱਸੇਦਾਰ ਹੋਣਾ ਚਾਹੁੰਦਾ ਹੈ, ਉਹਨਾਂ ਦੇ ਦੁੱਖਾਂ 'ਚ ਦਿਲਾਸਾ ਦੇਣਾ ਅਤੇ ਉਹਨਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਚਾਹੁੰਦਾ ਹੈ।

ਕਿਸੇ ਮਨੁੱਖ ਦੇ ਖਾਸ ਕਿਰਦਾਰ ਦੇ ਪਿੱਛੇ ਕੇਵਲ ਇਨ੍ਹਾਂ ਵੱਖ ਵੱਖ ਅਤੇ ਜ਼ਿਆਦਾਤਰ ਪਰਸਪਰ ਵਿਰੋਧੀ ਯਤਨਾਂ ਦੀ ਹੀ ਹੋਂਦ ਹੈ ਅਤੇ ਇਨ੍ਹਾਂ ਦਾ ਵਿਸ਼ੇਸ਼ ਸੁਮੇਲ ਹੀ ਉਸ ਹੱਦ ਨੂੰ ਵੀ ਤੈਅ ਕਰਦਾ ਹੈ ਜਿਸ ਤੱਕ ਕੋਈ ਮਨੁੱਖ ਅੰਦਰੂਨੀ ਸੰਤੁਲਨ ਪਾ ਸਕਦਾ ਹੈ ਅਤੇ ਸਮਾਜ ਦੇ ਹਿੱਤ ਵਿੱਚ ਯੋਗਦਾਨ ਦੇ ਸਕਦਾ ਹੈ। ਇਹ ਬਿਲਕੁੱਲ ਸੰਭਵ ਹੈ ਕਿ ਇਹਨਾਂ ਦੋਵਾਂ ਪ੍ਰਵਿਰਤੀਆਂ ਦੀ ਸਾਪੇਖਿਕ ਸ਼ਕਤੀ ਦਾ ਨਿਰਧਾਰਨ ਮੁੱਖ ਤੌਰ 'ਤੇ ਖਾਣਦਾਨੀ ਹੁੰਦਾ ਹੈ। ਪਰ ਅੰਤਿਮ ਰੂਪ ਨਾਲ਼ ਜੋ ਵਿਅਕਤੀਤਵ ਉਭਾਰ ਦੇ ਸਾਹਮਣੇ ਆਉਂਦਾ ਹੈ ਉਸ ਦਾ ਨਿਰਧਾਰਨ ਮੁੱਖ ਤੌਰ 'ਤੇ ਉਸ ਸਮਾਜ ਦੇ ਢਾਂਚੇ ਦੁਆਰਾ ਜਿਸ ਵਿੱਚ ਉਹ ਵੱਧਦਾ ਫੁਲਦਾ ਹੈ, ਉਸ ਸਮਾਜ ਦੀਆਂ ਪਰੰਪਰਾਵਾਂ ਦੁਆਰਾ ਅਤੇ ਖਾਸ ਅਮਲਾਂ ਪ੍ਰਤੀ ਉਸ ਸਮਾਜ ਦੇ ਮੁਲਾਂਕਣ ਦੁਆਰਾ ਹੁੰਦਾ ਹੈ। ਕਿਸੇ ਵੀ ਵਿਅਕਤੀ ਲਈ 'ਸਮਾਜ' ਦੀ ਧਾਰਨਾ ਦਾ ਅਰਥ ਆਪਣੇ ਸਮਕਾਲੀਆਂ ਅਤੇ ਪਿਛਲੀਆਂ ਪੀੜ੍ਹੀਆਂ ਦੇ ਸਾਰੇ ਲੋਕਾਂ ਨਾਲ਼ ਉਸਦੇ ਪ੍ਰਤੱਖ-ਅਪ੍ਰਤੱਖ ਸਬੰਧਾਂ ਦਾ ਕੁੱਲ ਜੋੜ ਹੁੰਦਾ ਹੈ। ਵਿਅਕਤੀ ਸੋਚਣ, ਮਹਿਸੂਸ ਕਰਨ, ਯਤਨ ਕਰਨ ਅਤੇ ਕੰਮ ਕਰਨ 'ਚ ਖੁਦ ਯੋਗ ਹੈ, ਪਰ ਉਹ ਆਪਣੀ ਸਰੀਰਿਕ ਬੌਧਿਕ ਅਤੇ ਭਾਵਨਾਤਮਕ ਹੋਂਦ ਲਈ ਸਮਾਜ 'ਤੇ ਇੰਨਾ

ਜ਼ਿਆਦਾ ਨਿਰਭਰ ਹੈ ਕਿ ਸਮਾਜ ਦੇ ਘੇਰੇ ਦੇ ਬਾਹਰ ਉਸ ਦੇ ਵਿਸ਼ੇ ਵਿੱਚ ਵਿਚਾਰ ਕਰਨਾ ਜਾਂ ਸਮਝ ਸਕਣਾ ਅਸੰਭਵ ਹੈ। ਇਹ 'ਸਮਾਜ' ਹੀ ਹੈ ਜੋ ਆਦਮੀ ਨੂੰ ਭੋਜਨ, ਕੱਪੜੇ, ਘਰ, ਕੰਮ ਦੇ ਔਜਾਰ, ਭਾਸ਼ਾ, ਵਿਚਾਰਾਂ ਦੇ ਰੂਪ ਅਤੇ ਉਹਨਾਂ ਦੇ ਜ਼ਿਆਦਾਤਰ ਤੱਤ ਦਿੰਦਾ ਹੈ, ਉਸਦਾ ਜੀਵਨ ਉਹਨਾਂ ਲੱਖਾਂ-ਲੱਖ ਵਰਤਮਾਨ ਅਤੇ ਬੀਤੇ ਲੋਕਾਂ ਦੀ ਕਿਰਤ ਅਤੇ ਕੁਸ਼ਲਤਾ ਦੇ ਹੀ ਕਾਰਨ ਸੰਭਵ ਹੈ, ਜੋ ਸਭ ਦੇ ਸਭ ਇਸ ਛੋਟੇ ਜਿਹੇ ਸ਼ਬਦ, 'ਸਮਾਜ' ਪਿੱਛੇ ਲੁਕੇ ਹੋਏ ਹਨ।

ਇਸ ਲਈ, ਇਹ ਸਪੱਸ਼ਟ ਹੈ ਕਿ ਵਿਅਕਤੀ ਦੀ ਸਮਾਜ 'ਤੇ ਨਿਰਭਰਤਾ ਕੁਦਰਤ ਦਾ ਇੱਕ ਅਜਿਹਾ ਤੱਥ ਹੈ ਜਿਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਠੀਕ ਉਵੇਂ ਜਿਵੇਂ ਕਿ ਕੀੜੀਆਂ ਅਤੇ ਮੱਖੀਆਂ ਦੇ ਮਾਮਲੇ ਵਿੱਚ ਹੈ। ਪਰ ਜਿੱਥੇ ਕੀੜੀਆਂ ਅਤੇ ਮੱਖੀਆਂ ਦੀ ਪੂਰੀ ਜੀਵਨ ਪ੍ਰਕਿਰਿਆ ਦੀ ਛੋਟੀ ਗੱਲ ਵੀ ਸਾਰ ਤੱਤ 'ਚ ਖਾਣਦਾਨੀ ਪ੍ਰਵਿਰਤੀਆਂ ਦੁਆਰਾ ਤੈਅ ਹੁੰਦੀ ਹੈ, ਉੱਥੇ ਹੀ ਮਨੁੱਖ ਦੀ ਸਮਾਜਿਕ ਬਣਾਵਟ ਅਤੇ ਤੱਤ ਬਦਲੇ ਜਾ ਸਕਦੇ ਹਨ ਅਤੇ ਮਨੁੱਖ ਬਦਲਾਅ ਪ੍ਰਤੀ ਬੜੇ ਸੰਵੇਦਨਸ਼ੀਲ ਹੁੰਦੇ ਹਨ। ਯਾਦ-ਸ਼ਕਤੀ, ਨਵੇਂ ਸੰਯੋਜਨਾਂ ਬਣਾਉਣ ਦੀ ਯੋਗਤਾ ਅਤੇ ਭਾਸ਼ਾ ਰਾਹੀਂ ਗੱਲਬਾਤ ਕਰਨ ਦੇ ਗੁਣ ਕਾਰਨ ਮਨੁੱਖ ਵਿੱਚ ਉਹ ਵਿਕਾਸ ਸੰਭਵ ਹੋ ਸਕੇ ਹਨ ਜੋ ਜੈਵਿਕ ਲੋੜਾਂ ਦੁਆਰਾ ਨਿਰਦੇਸ਼ਤ ਹੁੰਦੇ ਹਨ। ਅਜਿਹਾ ਵਿਕਾਸ ਰਵਾਇਤਾਂ, ਸੰਸਥਾਵਾਂ ਅਤੇ ਜੱਥੇਬੰਦੀਆਂ 'ਚ, ਸਾਹਿਤ ਵਿੱਚ, ਵਿਗਿਆਨਕ ਅਤੇ ਇੰਜਨੀਅਰਿੰਗ ਉਪਲੱਬਧੀਆ ਵਿੱਚ, ਕਲਾਕ੍ਰਿਤੀਆਂ ਵਿੱਚ ਖੁਦ ਨੂੰ ਪ੍ਰਗਟ ਕਰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਨਸਾਨ ਕਿਵੇਂ ਇਕ ਨਿਸ਼ਚਿਤ ਅਰਥ ਵਿੱਚ ਆਪਣੇ ਜੀਵਨ ਨੂੰ ਖੁਦ ਆਪਣੇ ਵਤੀਰੇ ਨਾਲ਼ ਪ੍ਰਭਾਵਿਤ ਕਰ ਸਕਦਾ ਹੈ ਅਤੇ ਕਿਵੇਂ ਇਸ ਪ੍ਰਕਿਰਿਆ ਵਿੱਚ ਸੁਚੇਤ ਚਿੰਤਨ ਅਤੇ ਜ਼ਰੂਰਤ ਇੱਕ ਭੂਮਿਕਾ ਅਦਾ ਕਰ ਸਕਦੇ ਹਨ।

ਆਦਮੀ ਜਨਮ ਤੋਂ ਹੀ ਅਨੁਵੰਸ਼ਕਤਾ ਦੁਆਰਾ ਉਹਨਾਂ ਸੁਭਾਅ ਸਬੰਧੀ ਪ੍ਰਵਿਰਤੀਆਂ ਸਮੇਤ ਜੋ ਮਨੁੱਖੀ ਪ੍ਰਜਾਤੀ ਦੀਆਂ ਖਾਸ ਵਿਸ਼ੇਸ਼ਤਾਵਾਂ ਹਨ, ਇਕ ਜੈਵਿਕ ਬਣਤਰ ਹਾਸਲ ਕਰਦਾ ਹੈ, ਜਿਸ ਨੂੰ ਸਾਨੂੰ ਸਥਿਰ ਅਤੇ ਅਬਦਲ ਮੰਨਣਾ ਚਾਹੀਦਾ ਹੈ। ਇਸ ਦੇ ਨਾਲ਼ ਹੀ, ਆਪਣੀ ਜੀਵਨ ਕਾਲ ਦੌਰਾਨ ਉਹ ਇਕ ਸੱਭਿਆਚਾਰਕ ਢਾਂਚਾ ਹਾਸਲ ਕਰਦਾ ਹੈ, ਜਿਸ ਨੂੰ ਉਹ ਸੰਵਾਦਾਂ ਅਤੇ ਬਹੁਤ ਸਾਰੇ ਦੂਜੇ ਪ੍ਰਕਾਰ ਦੇ ਪ੍ਰਭਾਵਾਂ ਰਾਹੀਂ ਸਮਾਜ ਤੋਂ ਗ੍ਰਹਿਣ ਕਰਦਾ ਹੈ। ਇਹ ਸੱਭਿਆਚਾਰਕ ਢਾਂਚਾ ਹੀ ਉਹ ਚੀਜ਼ ਹੈ ਜੋ ਸਮੇਂ ਦੇ ਨਾਲ਼ ਨਾਲ਼ ਬਦਲਦਾ ਰਹਿੰਦਾ ਹੈ ਅਤੇ ਵਿਅਕਤੀ ਅਤੇ ਸਮਾਜ ਦੇ ਦਰਮਿਆਨ ਸਬੰਧਾਂ ਨੂੰ ਬਹੁਤ ਜ਼ਿਆਦਾ ਹੱਦ ਤੱਕ ਤੈਅ ਕਰਦਾ ਹੈ। ਅਖੌਤੀ ਮੁੱਢ ਕਦੀਮੀ ਸੱਭਿਆਚਾਰਾਂ ਦੀ ਤੁਲਨਾਤਮਕ ਖੋਜ ਦੁਆਰਾ ਆਧੁਨਿਕ ਮਾਨਵ ਵਿਗਿਆਨ ਸਾਨੂੰ ਦੱਸਦਾ ਹੈ ਕਿ ਮਨੁੱਖਾਂ ਦੇ ਸਮਾਜਿਕ ਅਮਲ ਵਿੱਚ ਕਾਫੀ ਅੰਤਰ ਹੋ ਸਕਦਾ ਹੈ ਜੋ ਸਮਾਜ ਵਿੱਚ ਪ੍ਰਚੱਲਿਤ ਸੱਭਿਆਚਾਰਕ ਬਣਾਵਟ ਅਤੇ ਸਮਾਜ ਵਿੱਚ ਪ੍ਰਭਾਵੀ ਜੱਥੇਬੰਦਕ ਸਰੂਪਾਂ 'ਤੇ ਨਿਰਭਰ ਹੈ। ਮਨੁੱਖੀ ਸਮੂਹ ਦੀ ਉਨਤੀ ਲਈ ਯਤਨਸ਼ੀਲ ਲੋਕ ਆਪਣੀਆਂ ਆਸਾਂ ਇਸੇ 'ਤੇ ਅਧਾਰਿਤ ਕਰ ਸਕਦੇ ਹਨ ਕਿ ਆਪਣੀ ਜੈਵਿਕ ਫਿਤਰਤ ਮਨੁੱਖ ਜਾਤੀ ਕਾਰਨ ਇੱਕ ਦੂਸਰੇ ਦੀ ਤਬਾਹੀ ਕਰਨ ਲਈ ਜਾ ਕਿਸੇ

ਜ਼ਾਲਿਮ ਆਤਮਘਾਤੀ ਹਾਲਤ ਦੀ ਮਿਹਰ ’ਤੇ ਬਣੇ ਰਹਿਣ ਲਈ ਸਰਾਪੀ ਹੋਈ ਨਹੀਂ ਹੈ।

ਜੇਕਰ ਅਸੀਂ ਖੁਦ ਨੂੰ ਸਵਾਲ ਕਰੀਏ ਕਿ ਮਨੁੱਖੀ ਜੀਵਨ ਨੂੰ ਜਿੱਥੋਂ ਤੱਕ ਸੰਭਵ ਹੋਵੇ ਸੰਤੋਖਜਨਕ ਬਣਾਉਣ ਲਈ ਸਮਾਜ ਦੇ ਢਾਂਚੇ ਅਤੇ ਵਿਅਕਤੀ ਦੇ ਸੱਭਿਆਚਾਰਕ ਨਜ਼ਰੀਆ ਨੂੰ ਕਿਵੇਂ ਬਦਲਿਆ ਜਾਵੇ, ਤਾਂ ਇਸ ਤੱਥ ਬਾਰੇ ਸਾਨੂੰ ਲਗਾਤਾਰ ਸੁਚੇਤ ਰਹਿਣਾ ਹੋਵੇਗਾ ਕਿ ਕੁੱਝ ਅਜਿਹੀਆਂ ਵੀ ਹਾਲਤਾਂ ਹਨ ਜਿਨ੍ਹਾਂ ਨੂੰ ਬਦਲ ਸਕਣ ’ਚ ਅਸੀਂ ਅਸਮਰਥ ਹਾਂ। ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਗੈਰ-ਵਿਵਹਾਰਿਕ ਅਰਥਾਂ ਵਿੱਚ ਮਨੁੱਖ ਦਾ ਜੈਵਿਕ ਸੁਭਾਅ ਪਰਿਵਰਤਨਸ਼ੀਲ ਨਹੀਂ ਹੈ ਅਤੇ ਪਿਛਲੀਆਂ ਸਦੀਆਂ ਦੇ ਤਕਨੀਕੀ ਅਤੇ ਜਨਸੰਖਿਆ ਵਿਕਾਸ ਦੁਆਰਾ ਪੈਦਾ ਹੋਏ ਹਾਲਾਤ ਵੀ ਬਣੇ ਰਹਿਣ ਵਾਲੇ ਹਨ। ਮੁਕਾਬਲਤਨ ਸੰਘਣੀਆਂ ਅਬਾਦੀਆਂ ਦੀ ਹੋਂਦ ਖਾਤਿਰ ਜ਼ਰੂਰੀ ਸਮੱਗਰੀ ਦੀ ਸਪਲਾਈ ਲਈ ਇਕ ਚਰਮ ਕਿਰਤ-ਵੰਡ ਅਤੇ ਬੇਹੱਦ ਕੇਂਦਰਿਤ ਪੈਦਾਵਾਰੀ ਢਾਂਚਾ ਬੇਹੱਦ ਜ਼ਰੂਰੀ ਹੈ। ਅਤੀਤ ਵੱਲ ਦੇਖਣ ’ਤੇ ਉਹ ਸਮਾਂ, ਜੋ ਇੰਨਾ ਰੁਮਾਨੀ ਲੱਗਦਾ ਸੀ, ਜਦੋਂ ਕਿ ਵਿਅਕਤੀ ਜਾਂ ਸਾਪੇਖਕ ਛੋਟੇ ਸਮੂਹ ਪੂਰੀ ਤਰ੍ਹਾਂ ਆਤਮ-ਨਿਰਭਰ ਰਹਿ ਸਕਦੇ ਸਨ, ਸਦਾ ਲਈ ਜਾ ਚੁੱਕਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਮਨੁੱਖ ਜਾਤੀ ਨੇ ਹੁਣ ਪੈਦਾਵਾਰ ਅਤੇ ਉਪਭੋਗ ਦੇ ਇਕ ਸੰਸਾਰ ਪੱਧਰੇ ਭਾਈਚਾਰੇ ਦੀ ਰਚਨਾ ਕਰ ਲਈ ਹੈ।

ਹੁਣ ਮੈਂ ਉਸ ਨੁਕਤੇ ’ਤੇ ਪੁੱਜ ਗਿਆ ਤਾਂ ਜਿੱਥੋਂ ਮੈਂ ਅੱਜ ਦੇ ਸੰਕਟ ਦੇ ਸਾਰਤੱਤ ਵੱਲ ਥੋੜ੍ਹੇ ਵਿੱਚ ਇਸ਼ਾਰਾ ਕਰ ਸਕਦਾ ਹਾਂ। ਇਹ ਵਿਅਕਤੀ ਦੇ ਸਮਾਜ ਤਾਈਂ ਰਿਸ਼ਤੇ ਨਾਲ਼ ਸਰੋਕਾਰ ਰੱਖਦਾ ਹੈ। ਅੱਜ ਇਨਸਾਨ ਸਮਾਜ ਦੇ ਉੱਪਰ ਆਪਣੀ ਨਿਰਭਰਤਾ ਪ੍ਰਤੀ ਹਮੇਸ਼ਾ ਤੋਂ ਵੱਧ ਸੁਚੇਤ ਹੋ ਗਿਆ ਹੈ। ਪਰ ਉਹ ਇਸ ਨਿਰਭਰਤਾ ਨੂੰ ਇਕ ਹਾਂਦਰੂ ਗੁਣ ਦੇ ਰੂਪ ਵਿੱਚ, ਇੱਕ ਜ਼ਿੰਦਾ ਬੰਧਨ ਦੇ ਰੂਪ ਵਿੱਚ, ਇੱਕ ਰੱਖਿਅਕ ਸ਼ਕਤੀ ਦੇ ਰੂਪ ਵਿੱਚ ਮਹਿਸੂਸ ਨਹੀਂ ਕਰਦਾ ਹੈ। ਸਗੋਂ ਇਸੇ ਆਪਣੇ ਸੁਭਾਵਿਕ ਅਧਿਕਾਰਾਂ, ਇੱਥੋਂ ਤੱਕ ਕਿ ਆਪਣੀ ਆਰਥਿਕ ਹੋਂਦ ਲਈ ਵੀ ਖਤਰੇ ਦੇ ਰੂਪ ਵਿੱਚ ਮਹਿਸੂਸ ਕਰਦਾ ਹੈ। ਇਸ ਦੇ ਇਲਾਵਾ, ਸਮਾਜ ਵਿੱਚ ਉਸਦੀ ਹਾਲਤ ਅਜਿਹੀ ਹੈ ਕਿ ਉਸਦੀ (ਮਾਨਸਿਕ) ਸੰਰਚਨਾ ਵਿੱਚ ਨਿਹਿਤ ਸਵਾਰਥੀ ਪ੍ਰਵਿਰਤੀਆਂ ਨਿਰੰਤਰ ਪ੍ਰਬਲ ਹੁੰਦੀਆਂ ਜਾ ਰਹੀਆਂ ਹਨ। ਜਦੋਂ ਕਿ ਉਸਦੀਆਂ ਸਮਾਜਿਕ ਪ੍ਰਵਿਰਤੀਆਂ ਦਾ ਜੋ ਸੁਭਾਅ ਤੋਂ ਹੀ ਕਮਜ਼ੋਰ ਹਨ, ਖੋਰਾ ਤੇਜ਼ ਰਫ਼ਤਾਰ ਨਾਲ ਹੋ ਰਿਹਾ ਹੈ। ਸਾਰੇ ਲੋਕ ਚਾਹੇ ਸਮਾਜ ਵਿੱਚ ਉਹਨਾਂ ਦਾ ਜੋ ਸਥਾਨ ਹੋਵੇ, ਖੋਰੇ ਦੀ ਇਸ ਪ੍ਰਕਿਰਿਆ ਦੇ ਸ਼ਿਕਾਰ ਹਨ। ਅਣਜਾਣੇ ਹੀ ਆਪਣੇ ਸਵਾਰਥ ਦੇ ਕੈਦੀ ਬਣੇ ਹੋਏ ਹਨ, ਜੋ ਖੁਦ ਨੂੰ ਅਸੁਰੱਖਿਅਤ, ਇਕੱਲੇ ਅਤੇ ਜੀਵਨ ਦੇ ਸਹਿਜ, ਸਰਲ ਅਤੇ ਨਿਸ਼ਕਪਟ ਆਨੰਦ ਤੋਂ ਵਾਂਝੇ ਮਹਿਸੂਸ ਕਰ ਰਹੇ ਹਨ। ਆਦਮੀ ਦੀ ਜ਼ਿੰਦਗੀ ਛੋਟੀ ਅਤੇ ਜ਼ੋਖਿਮ ਭਰੀ ਹੈ। ਇਸ ਜੀਵਨ ਵਿੱਚ ਖੁਦ ਨੂੰ ਸਮਾਜ ਪ੍ਰਤੀ ਸਮਰਪਿਤ ਕਰਕੇ ਹੀ ਉਹ ਸਾਰਥਕਤਾ ਹਾਸਲ ਕਰ ਸਕਦਾ ਹੈ।

ਮੇਰੇ ਖਿਆਲ ਨਾਲ਼ ਬੁਰਾਈ ਦਾ ਅਸਲੀ ਸ੍ਰੋਤ ਵਰਤਮਾਨ ਪੂੰਜੀਵਾਦੀ ਸਮਾਜ ਦੀ ਉਹ ਆਰਥਿਕ ਅਰਾਜਕਤਾ ਹੈ, ਜੋ ਅੱਜ ਮੌਜੂਦ ਹੈ। ਸਾਡੇ ਸਾਹਮਣੇ ਵੱਡਾ ਉਤਪਾਦਕ

ਭਾਈਚਾਰਾ ਹੈ ਜਿਸ ਦੇ ਮੈਂਬਰ ਇਕ ਦੂਜੇ ਨੂੰ ਸਮੂਹਿਕ ਕਿਰਤ ਦੇ ਫਲ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ. ਇੰਝ ਉਹ ਬਲ ਪ੍ਰਯੋਗ ਦੁਆਰਾ ਨਹੀਂ ਸਗੋਂ ਕੁਝ ਮਿਲਾਕੇ ਕਾਨੂੰਨੀ ਰੂਪ ਨਾਲ਼ ਕਾਇਮ ਨਿਯਮਾਂ ਦਾ ਇਮਾਨਦਾਰੀ ਨਾਲ ਪਾਲਣ ਕਰਕੇ ਹੀ ਕਰਦੇ ਹਨ। ਇਸ ਸੰਦਰਭ ਵਿੱਚ ਇਹ ਅਨੁਭਵ ਕਰਨਾ ਮਹੱਤਵਪੂਰਨ ਹੈ ਕਿ ਪੈਦਾਵਾਰ ਦੇ ਸਾਧਨ, ਅਰਥਾਤ ਪੂਰੀ ਪੈਦਾਵਾਰੀ ਯੋਗਤਾ ਜੋ ਉਪਭੋਗਤਾ ਸਮੱਗਰੀ ਦੇ ਨਾਲ਼ ਨਾਲ਼ ਪੂੰਜੀਗਤ ਸਮੱਗਰੀ ਪੈਦਾ ਕਰਨ ਲਈ ਜ਼ਰੂਰੀ ਹੈ, ਕਾਨੂੰਨੀ ਤੌਰ ’ਤੇ ਵਿਅਕਤੀਆਂ ਦੀ ਨਿੱਜੀ ਸੰਪਤੀ ਹੋ ਸਕਦੇ ਹਨ ਅਤੇ ਜ਼ਿਆਦਾਤਰ ਹਨ ਵੀ।

ਅੱਗੇ ਦੀ ਬਹਿਸ ਵਿੱਚ ਸਰਲਤਾ ਦੀ ਨਜ਼ਰ ਤੋਂ ਮੈਂ ਉਹਨਾਂ ਸਾਰੇ ਲੋਕਾਂ ਨੂੰ ਮਜ਼ਦੂਰ ਕਹਾਂਗਾ ਜਿਨ੍ਹਾਂ ਦਾ ਪੈਦਾਵਾਰ ਦੇ ਸਾਧਨਾਂ ਦੇ ਮਾਲਿਕਾਨੇ ਵਿੱਚ ਕੋਈ ਹਿੱਸਾ ਨਹੀਂ ਹੈ। ਭਾਵੇਂ ਇਹ ਇਸ ਸ਼ਬਦ ਦੇ ਰਵਾਇਤੀ ਪ੍ਰਯੋਗ ਦੇ ਪੂਰੀ ਤਰ੍ਹਾਂ ਅਨੁਰੂਪ ਨਹੀਂ ਹੈ। ਉਤਪਾਦਨ ਦੇ ਸਾਧਨਾਂ ਦਾ ਮਾਲਿਕ ਮਜ਼ਦੂਰ ਦੀ ਕਿਰਤ ਸ਼ਕਤੀ ਨੂੰ ਖਰੀਦ ਸਕਣ ਦੀ ਹਾਲਤ ਵਿੱਚ ਹੁੰਦਾ ਹੈ। ਪੈਦਾਵਾਰ ਦੇ ਸਾਧਨਾਂ ਦਾ ਪ੍ਰਯੋਗ ਕਰਕੇ ਮਜ਼ਦੂਰ ਨਵੀਆਂ ਚੀਜ਼ਾਂ ਬਣਾਉਂਦਾ ਹੈ ਜੋ ਪੂੰਜੀਪਤੀ ਦੀ ਸੰਪਤੀ ਬਣ ਜਾਂਦੀ ਹੈ। ਇਸ ਪੂਰੀ ਪ੍ਰਕਿਰਿਆ ਦਾ ਸਭ ਤੋਂ ਮਹੱਤਵਪੂਰਨ ਨੁਕਤਾ ਮਜ਼ਦੂਰ ਦੁਆਰਾ ਕੀਤੀ ਗਈ ਅਸਲੀ ਪੈਦਾਵਾਰ ਅਤੇ ਉਹਨੂੰ ਮਿਲੇ ਅਸਲੀ ਮਿਹਨਤਾਨੇ ਦਰਮਿਆਨ ਸਬੰਧ ਹੈ। ਕਿਰਤ ਕਰਾਰ ਦੀ ‘ਸੁਤੰਤਰਤਾ’ ਦੇ ਕਾਰਨ ਮਜ਼ਦੂਰ ਜੋ ਪਾਉਂਦਾ ਹੈ, ਉਹ ਉਹਦੇ ਦੁਆਰਾ ਪੈਦਾ ਕੀਤੀ ਸਮੱਗਰੀ ਦੀ ਅਸਲੀ ਕਦਰ ਤੋਂ ਤੈਅ ਨਾ ਹੋ ਕੇ ਉਸਦੀਆਂ ਕਿ ਘੱਟੋ-ਘੱਟ ਲੋੜਾਂ ਨਾਲ਼ ਅਤੇ ਕੰਮ ਦੀ ਤਲਾਸ਼ ਵਿੱਚ ਮੁਕਾਬਲੇ ਵਿੱਚ ਲੱਗੇ ਮਜ਼ਦੂਰਾਂ ਦੀ ਸੰਖਿਆ ਦੇ ਅਨੁਪਾਤ ਵਿੱਚ ਪੂੰਜੀਪਤੀ ਨੂੰ ਕਿਰਤ-ਸ਼ਕਤੀ ਦੀ ਜ਼ਰੂਰਤ ਤੋਂ ਤੈਅ ਹੁੰਦਾ ਹੈ। ਇਹ ਜਾਣਨਾ ਮਹੱਤਵਪੂਰਨ ਹੈ ਕਿ ਸਿਧਾਂਤਕ ਰੂਪ ਤੋਂ ਵੀ ਮਜ਼ਦੂਰ ਦੀ ਤਨਖਾਹ ਉਸਦੇ ਦੁਆਰਾ ਕੀਤੇ ਗਏ ਪੈਦਾਵਾਰ ਦੀ ਕਦਰ ਦੁਆਰਾ ਤੈਅ ਨਹੀਂ ਹੁੰਦੀ।

ਅੰਸ਼ਕ ਰੂਪ ’ਚ ਪੂੰਜੀਪਤੀਆਂ ਦੇ ਆਪਣੇ ਮੁਕਾਬਲੇ ਦੇ ਕਾਰਨ ਅਤੇ ਅੰਸ਼ਕ ਰੂਪ ’ਚ ਤਕਨੀਕੀ ਵਿਕਾਸ ਦੇ ਕਾਰਨ ਨਿੱਜੀ ਪੂੰਜੀ ਕੁੱਝ ਹੱਥਾਂ ਵਿੱਚ ਕੇਂਦਰਿਤ ਹੁੰਦੀ ਜਾਂਦੀ ਹੈ ਅਤੇ ਵਧਦੀ ਹੋਈ ਕਿਰਤ-ਵੰਡ ਪੈਦਾਵਾਰ ਦੀਆਂ ਛੋਟੀਆਂ ਇਕਾਈਆਂ ਦੀ ਕੀਮਤ ’ਤੇ ਵੱਡੀਆਂ ਇਕਾਈਆਂ ਦੀ ਉਸਾਰੀ ਨੂੰ ਹੱਲਾਸ਼ੇਰੀ ਦਿੰਦੀ ਹੈ। ਇਸ ਵਿਕਾਸ ਦਾ ਹੀ ਨਤੀਜਾ ਨਿੱਜੀ ਪੂੰਜੀ ਦੀ ਇਕ ਜੁੰਡਲੀ ਹੈ, ਜਿਸ ਦੀ ਅਪਾਰ ਸ਼ਕਤੀ ਨੂੰ ਲੋਕਤੰਤਰਿਕ ਢੰਗ ਨਾਲ਼ ਜੱਥੇਬੰਦਕ ਇਕ ਰਾਜਨੀਤਕ ਸਮਾਜ ਦੁਆਰਾ ਵੀ ਪ੍ਰਭਾਵੀ ਢੰਗ ਨਾਲ਼ ਕਾਬੂ ਨਹੀਂ ਕੀਤਾ ਜਾ ਸਕਦਾ। ਇਹ ਇਕ ਸੱਚਾਈ ਹੈ ਕਿਉਂਕਿ ਵਿਧਾਨਕ ਸੰਸਥਾਵਾਂ ਦੇ ਮੈਂਬਰਾਂ ਦੀ ਚੋਣ ਰਾਜਨੀਤਕ ਪਾਰਟੀਆਂ ਦੁਆਰਾ ਹੁੰਦੀ ਹੈ, ਜੋ ਪੂੰਜੀਪਤੀਆਂ ਤੋਂ ਆਰਥਿਕ ਸਹਾਇਤਾ ਪ੍ਰਾਪਤ ਕਰਦੀਆਂ ਹਨ ਜਾ ਦੂਸਰੇ ਤਰੀਕਿਆਂ ਨਾਲ਼ ਉਹਨਾਂ ਦੇ ਪ੍ਰਭਾਵਾਂ ਵਿੱਚ ਰਹਿੰਦੀਆਂ ਹਨ। ਇਹ ਪੂੰਜੀਪਤੀ ਅਮਲੀ ਤੌਰ ’ਤੇ ਹਰ ਤਰੀਕੇ ਨਾਲ਼ ਚੋਣਕਾਰਾਂ ਨੂੰ ਵਿਧਾਇਕਾਂ ਨਾਲੋਂ ਵੱਖ ਕਰ ਦਿੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਲੋਕਾਂ ਦੇ ਨੁਮਾਇੰਦੇ ਆਬਾਦੀ ਦੇ ਲੁਟੀਂਦੇ

ਤਬਕਿਆਂ ਦੇ ਹਿੱਤਾਂ ਦੀ ਅਮਲ ਵਿੱਚ ਪੂਰੀ ਤਰ੍ਹਾਂ ਰੱਖਿਆ ਨਹੀਂ ਕਰਦੇ। ਇਸ ਤੋਂ ਇਲਾਵਾ, ਵਰਤਮਾਨ ਹਾਲਤਾਂ ਵਿੱਚ ਨਿੱਜੀ ਪੂੰਜੀਪਤੀ ਪ੍ਰਤੱਖ ਜਾ ਅਪ੍ਰਤੱਖ ਰੂਪ ਨਾਲ ਸੂਚਨਾ ਦੇ ਪ੍ਰਮੁੱਖ ਸ੍ਰੋਤਾਂ (ਪ੍ਰੈੱਸ, ਰੇਡਿਓ, ਸਿੱਖਿਆ) 'ਤੇ ਲਾਜ਼ਮੀ ਤੌਰ 'ਤੇ ਆਪਣਾ ਕੰਟਰੋਲ ਰੱਖਦੇ ਹਨ। ਇਸ ਪ੍ਰਕਾਰ ਕਿਸੇ ਨਾਗਰਿਕ ਲਈ ਬਾਹਰਮੁੱਖੀ ਸਿੱਟਿਆਂ ਤੱਕ ਪਹੁੰਚ ਸਕਣਾ ਜਾਂ ਆਪਣੇ ਰਾਜਨੀਤਕ ਅਧਿਕਾਰਾਂ ਦਾ ਸਹੀ ਪ੍ਰਯੋਗ ਕਰ ਸਕਣਾ ਬੇਹੱਦ ਔਖਾ ਹੁੰਦਾ ਹੈ ਅਤੇ ਅਸਲ ਵਿੱਚ ਜ਼ਿਆਦਾਤਰ ਮਾਮਲਿਆਂ ਵਿੱਚ ਤਾਂ ਇਕਦਮ ਅਸੰਭਵ ਹੁੰਦਾ ਹੈ।

ਇਸ ਪ੍ਰਕਾਰ, ਸੰਪਤੀ ਦੇ ਨਿੱਜੀ ਮਾਲਿਕਾਨੇ 'ਤੇ ਅਧਾਰਿਤ ਅਰਥਚਾਰੇ ਵਿੱਚ ਮੌਜੂਦਾ ਸਥਿਤੀ ਨੂੰ ਦੋ ਮੁੱਖ ਸਿਧਾਂਤਾਂ ਦੁਆਰਾ ਸਪੱਸ਼ਟ ਕੀਤਾ ਜਾਂਦਾ ਹੈ, ਪਹਿਲਾਂ ਪੈਦਾਵਾਰ ਦੇ ਸਾਧਨਾਂ (ਪੂੰਜੀ) 'ਤੇ ਨਿੱਜੀ ਮਾਲਿਕਾਨਾ ਹੁੰਦਾ ਹੈ ਅਤੇ ਮਾਲਿਕ ਜਿਵੇਂ ਵੀ ਠੀਕ ਸਮਝੇ ਉਹਨਾਂ ਦੀ ਵਰਤੋਂ ਕਰ ਸਕਦੇ ਹਨ। ਦੂਸਰਾ, ਕਿਰਤ ਕਰਾਰ ਆਜ਼ਾਦ ਹੁੰਦਾ ਹੈ। ਅਸਲ ਵਿੱਚ ਇਸ ਅਰਥ ਵਿੱਚ ਇਕ ਸ਼ੁੱਧ ਪੂੰਜੀਵਾਦੀ ਸਮਾਜ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਖਾਸ ਤੌਰ 'ਤੇ ਜ਼ਿਕਰਯੋਗ ਹੈ ਕਿ ਮਜ਼ਦੂਰ ਲੰਬੇ ਅਤੇ ਤਿਖੇ ਰਾਜਨੀਤਕ ਸੰਘਰਸ਼ਾਂ ਦੁਆਰਾ 'ਆਜ਼ਾਦ ਕਿਰਤ ਸਮਝੌਤੇ' ਦਾ ਕੁਝ ਸੁਧਾਰਿਆ ਹੋਇਆ ਰੂਪ, ਕੁਝ ਤਰ੍ਹਾਂ ਦੇ ਮਜ਼ਦੂਰਾਂ ਲਈ ਹਾਸਲ ਕਰ ਸਕਣ ਵਿੱਚ ਸਫ਼ਲ ਹੋਏ ਹਨ, ਪਰ ਸਮੁੱਚਤਾ ਵਿੱਚ ਅੱਜ ਦਾ ਅਰਥਚਾਰਾ 'ਸ਼ੁੱਧ' ਪੂੰਜੀਵਾਦ ਤੋਂ ਬਹੁਤ ਭਿੰਨ ਨਹੀਂ ਹੈ।

ਪੈਦਾਵਾਰ ਮੁਨਾਫੇ ਲਈ ਕੀਤੀ ਜਾਂਦੀ ਹੈ ਨਾ ਕਿ ਉਪਯੋਗ ਲਈ। ਅਜਿਹਾ ਕੋਈ ਪ੍ਰਬੰਧ ਨਹੀਂ ਹੈ ਕਿ ਯੋਗ ਅਤੇ ਕੰਮ ਦੇ ਇਛੁੱਕ ਸਾਰੇ ਲੋਕ ਹਮੇਸਾ ਕੰਮ ਹਾਸਲ ਕਰ ਸਕਣ ਦੀ ਹਾਲਤ ਵਿੱਚ ਰਹਿਣ, 'ਵਿਹਲਿਆਂ ਦੀ ਫ਼ੌਜ' ਲਗਭਗ ਹਮੇਸ਼ਾ ਮੌਜੂਦ ਰਹਿੰਦੀ ਹੈ। ਮਜ਼ਦੂਰ ਹਰ ਵੇਲੇ ਕੰਮ ਖੁੱਸ ਜਾਣ ਦੇ ਡਰ ਵਿੱਚ ਜਿਉਂਦਾ ਹੈ। ਕਿਉਂਕਿ ਵਿਹਲੇ ਅਤੇ ਬਹੁਤ ਘੱਟ ਤਨਖਾਹ ਲੈਣ ਵਾਲੇ ਮਜ਼ਦੂਰ ਇਕ ਲਾਭਦਾਇਕ ਬਾਜ਼ਾਰ ਨਹੀਂ ਬਣਾਉਂਦੇ। ਇਸੇ ਤੋਂ ਉਪਭੋਗਤਾ ਵਸਤੂਆਂ ਦੀ ਪੈਦਾਵਾਰ ਸੀਮਿਤ ਰਹਿੰਦੀ ਹੈ, ਜਿਸ ਦਾ ਸਿੱਟਾ ਹੁੰਦਾ ਹੈ, ਭਿਅੰਕਰ ਕਠਿਨਾਈ। ਤਕਨੀਕੀ ਪ੍ਰਗਤੀ ਸਭ ਦੇ ਕੰਮ ਦਾ ਬੋਝ ਘਟਾਉਣ ਦੀ ਬਜਾਏ ਲਗਾਤਾਰ ਬੇਕਾਰੀ ਪੈਦਾ ਕਰਦੀ ਹੈ। ਪੂੰਜੀਪਤੀਆਂ ਦਰਮਿਆਨ ਮੁਕਾਬਲੇ ਨਾਲ ਜੁੜੇ ਮੁਨਾਫੇ ਦਾ ਮਕਸਦ ਹੀ ਪੂੰਜੀ ਦੇ ਇਕੱਤਰੀਕਰਨ ਅਤੇ ਉਪਯੋਗ ਵਿੱਚ ਅਸਥਿਰਤਾ ਲਈ ਜ਼ਿੰਮੇਵਾਰ ਹੈ। ਇਹ ਸਮਾਜ ਨੂੰ ਅੱਗੇ ਹੀ ਅੱਗੇ ਡੂੰਘੀ ਮਹਾਂਮੰਦੀ ਵੱਲ ਲੈ ਜਾਂਦਾ ਹੈ। ਇਹ ਅਸੀਮ ਮੁਕਾਬਲਾ ਕਿਰਤ ਦੀ ਵੱਡੇ ਪੈਮਾਨੇ 'ਤੇ ਬਰਬਾਦੀ ਨੂੰ ਪੈਦਾ ਕਰਦਾ ਹੈ ਅਤੇ ਨਾਲ ਹੀ ਵਿਅਕਤੀਆਂ ਦੀ ਸਮਾਜਿਕ ਚੇਤਨਾ ਨੂੰ ਖੁੰਢਾ ਕਰਦਾ ਹੈ ਜਿਸ ਦਾ ਜ਼ਿਕਰ ਮੈਂ ਪਹਿਲਾਂ ਹੀ ਕਰ ਚੁੱਕਾ ਹਾਂ।

ਵਿਅਕਤੀਆਂ ਦੇ ਇਸ ਪ੍ਰਕਾਰ ਅਪੰਗ ਬਣਾਏ ਜਾਣ ਨੂੰ ਮੈਂ ਪੂੰਜੀਵਾਦ ਦਾ ਸਭ ਤੋਂ ਵੱਡਾ ਸਰਾਪ ਮੰਨਦਾ ਹਾਂ। ਸਾਡਾ ਸਾਰਾ ਵਿਦਿਅਕ ਢਾਂਚਾ ਇਸ ਸਰਾਪ ਤੋਂ ਪੀੜਿਤ ਹੈ। ਵਿਦਿਆਰਥੀ ਦੇ ਮਨ ਵਿੱਚ ਇਕ ਪ੍ਰਤਿਯੋਗੀ ਦ੍ਰਿਸ਼ਟੀਕੋਣ ਬੈਠਾਇਆ ਜਾਂਦਾ ਹੈ ਅਤੇ ਉਸਨੂੰ ਭਵਿੱਖੀ ਕੈਰੀਅਰ ਲਈ ਤਿਆਰੀ ਦੇ ਰੂਪ ਵਿੱਚ ਧਨ ਲੋਭੀ ਸਫਲਤਾ ਦੀ ਪੂਜਾ

ਕਰਨਾ ਸਿਖਾਇਆ ਜਾਂਦਾ ਹੈ।

ਮੈਂ ਇਸ ਗੱਲ ਨਾਲ਼ ਸਹਿਮਤ ਹਾਂ ਕਿ ਇਹਨਾਂ ਵਿਰਾਟ ਬੁਰਾਈਆਂ ਨੂੰ ਖਤਮ ਕਰਨ ਦਾ ਸਿਰਫ਼ ਇੱਕੋ ਹੀ ਰਾਹ ਹੈ, ਕੇਵਲ ਇਕ ਸਮਾਜਵਾਦੀ ਅਰਥਚਾਰੇ ਦੀ ਸਥਾਪਨਾ ਦੁਆਰਾ ਹੀ ਅਜਿਹਾ ਕੀਤਾ ਜਾ ਸਕਦਾ ਹੈ, ਜਿਸ ਦੇ ਨਾਲ਼ ਨਾਲ਼ ਸਮਾਜਿਕ ਉਦੇਸ਼ਾ ਨਾਲ਼ ਭਰਪੂਰ ਇਕ ਸਿੱਖਿਆ ਢਾਂਚਾ ਵੀ ਹੋਵੇ। ਅਜਿਹੇ ਅਰਥਚਾਰੇ ਵਿੱਚ ਪੈਦਾਵਾਰ ਦੇ ਸਾਧਨਾਂ 'ਤੇ ਖੁਦ ਸਮਾਜ ਦੀ ਮਾਲਕੀ ਹੁੰਦੀ ਹੈ ਅਤੇ ਉਹਨਾਂ ਦਾ ਉਪਯੋਗ ਯੋਜਨਾਬੱਧ ਢੰਗ ਨਾਲ਼ ਹੁੰਦਾ ਹੈ। ਯੋਜਨਾਬੱਧ ਅਰਥਚਾਰਾ ਭਾਈਚਾਰੇ ਦੀਆਂ ਲੋੜਾਂ ਦੇ ਅਨੁਸਾਰ ਪੈਦਾਵਾਰ ਨੂੰ ਨਿਯਮਿਤ ਕਰਦਾ ਹੈ, ਕੰਮ ਕਰਨ ਦੇ ਯੋਗ ਲੋਕਾਂ ਦਰਮਿਆਨ ਕੀਤੇ ਜਾਣ ਵਾਲੇ ਕੰਮ ਨੂੰ ਵੰਡ ਦਿੰਦਾ ਹੈ ਅਤੇ ਹਰੇਕ ਇਸਤਰੀ, ਪੁਰਸ਼ ਅਤੇ ਬੱਚੇ ਨੂੰ ਰੋਜ਼ੀ ਰੋਟੀ ਦੀ ਗਾਰੰਟੀ ਦਿੰਦਾ ਹੈ। ਅਜਿਹੇ ਸਮਾਜ ਵਿੱਚ ਸਿੱਖਿਆ, ਵਿਅਕਤੀ ਦੀ ਆਪਣੀ ਯੋਗਤਾ ਦਾ ਵਿਕਾਸ ਕਰਨ ਨਾਲ ਹੀ ਸਾਡੇ ਵਰਤਮਾਨ ਸਮਾਜ ਵਿੱਚ ਸੱਤ੍ਹਾ ਅਤੇ ਸਫਲਤਾ ਦਾ ਗੁਣਗਾਨ ਕਰਨ ਦੀ ਥਾਂ ਉਸਦੇ ਅੰਦਰ ਆਪਣੇ ਵਰਗੇ ਲੋਕਾਂ ਪ੍ਰਤੀ ਇਕ ਜ਼ਿੰਮੇਦਾਰੀ ਦੀ ਭਾਵਨਾ ਨੂੰ ਵਿਕਸਿਤ ਕਰਨ ਦਾ ਯਤਨ ਕਰੇਗੀ।

ਫਿਰ ਵੀ ਇਸ ਨੂੰ ਯਾਦ ਰੱਖਣਾ ਜ਼ਰੂਰੀ ਹੈ ਕਿ ਯੋਜਨਾਬੱਧ ਅਰਥਚਾਰਾ ਹੀ ਸਮਾਜਵਾਦ ਨਹੀਂ ਹੁੰਦਾ ਹੈ। ਇਕ ਯੋਜਨਾਬੱਧ ਅਰਥਚਾਰੇ ਵਿੱਚ ਵਿਅਕਤੀ ਪੂਰਨ ਤੌਰ 'ਤੇ ਗੁਲਾਮ ਹੋ ਸਕਦਾ ਹੈ। ਸਮਾਜਵਾਦ ਦੀ ਸਥਾਪਨਾ ਕੁੱਝ ਬੇਹੱਦ ਔਖੀਆਂ ਸਮਾਜਿਕ-ਰਾਜਨੀਤਕ ਸਮੱਸਿਆਵਾਂ ਦੇ ਹੱਲ ਦੀ ਮੰਗ ਕਰਦੀ ਹੈ, ਰਾਜਨੀਤਕ ਅਤੇ ਆਰਥਿਕ ਤਾਕਤ ਦੇ ਵਿਆਪਕ ਕੇਂਦਰੀਕਰਨ ਨੂੰ ਧਿਆਨ 'ਚ ਰੱਖਦੇ ਹੋਏ ਨੌਕਰਸ਼ਾਹੀ ਨੂੰ ਸਰਵਸ਼ਕਤੀਮਾਨ ਹੰਕਾਰੀ ਹੋਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ? ਵਿਅਕਤੀ ਦੇ ਅਧਿਕਾਰਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ ਅਤੇ ਇਸ ਦੇ ਨਾਲ਼ ਹੀ ਨੌਕਰਸ਼ਾਹੀ ਦੀ ਤਾਕਤ ਨੂੰ ਪ੍ਰਭਾਵਹੀਣ ਬਣਾਉਣ ਵਾਲੀ ਲੋਕਤਾਂਤਰਿਕ ਤਾਕਤ ਨੂੰ ਸੁਨਿਸ਼ਚਿਤ ਤੌਰ 'ਤੇ ਕਿਵੇਂ ਕਾਇਮ ਕੀਤਾ ਜਾ ਸਕਦਾ ਹੈ ?

ਅਸੀਂ ਇਸ ਸੰਕਰਮਣ ਦੇ ਯੁੱਗ 'ਚੋਂ ਲੰਘ ਰਹੇ ਹਾਂ। ਸਮਾਜਵਾਦ ਦੇ ਉਦੇਸ਼ ਅਤੇ ਸਮੱਸਿਆਵਾਂ ਪ੍ਰਤੀ ਸਪੱਸ਼ਟਤਾ ਇਸ ਦੌਰ ਵਿੱਚ ਸਭ ਤੋਂ ਜ਼ਿਆਦਾ ਅਹਿਮੀਅਤ ਰੱਖਦੀ ਹੈ। ਮੌਜੂਦਾ ਹਾਲਤ ਵਿੱਚ ਇਹਨਾਂ ਸਮੱਸਿਆਵਾਂ 'ਤੇ ਸੁਤੰਤਰ ਅਤੇ ਬੇਰੋਕ-ਟੋਕ ਬਹਿਸ-ਮੁਬਾਹਿਸੇ 'ਤੇ ਸਖ਼ਤ ਰੋਕਾਂ ਲਾਗੂ ਹਨ। ਇਸ ਲਈ ਇਸ ਮੈਗਜ਼ੀਨ* ਦੀ ਸ਼ੁਰੂਆਤ ਮੇਰੇ ਵਿਚਾਰ ਵਿੱਚ ਇਕ ਅਹਿਮ ਲੋਕ ਸੇਵਾ ਹੈ।

✫ ✫ ✫ ✫ ✫


---

* ਇਹ ਲੇਖ ਆਈਨਸਟੀਨ ਨੇ ਅਮਰੀਕਾ ਤੋਂ ਛਪਦੇ ਸਮਾਜਵਾਦੀ ਰੁਝਾਨ ਦੇ ਪਰਚੇ, 'ਮੰਥਲੀ ਰੀਵਿਊ' ਦੇ ਪਹਿਲੇ ਅੰਕ ਵਾਸਤੇ ਲਿਖਿਆ ਸੀ। ਇਥੇ ਉਹਨਾਂ ਦਾ ਇਸ਼ਾਰਾ ਇਸੇ ਮੈਗਜ਼ੀਨ ਵੱਲ ਹੈ। — ਸੰਪਾ.

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ
ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ)	10.00 ਰੁਪਏ
2. ਗ਼ਦਰੀ ਸੂਰਬੀਰ (ਰਣਧੀਰ ਸਿੰਘ)	10.00 ਰੁਪਏ
3. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ)	05.00 ਰੁਪਏ
4. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ)	10.00 ਰੁਪਏ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ)	10.00 ਰੁਪਏ
6. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ)	25.00 ਰੁਪਏ
7. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ)	10.00 ਰੁਪਏ
8. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — ਸ਼ਿਵ ਵਰਮਾ	10.00 ਰੁਪਏ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ	20.00 ਰੁਪਏ
10. ਭਗਤ ਸਿੰਘ ਨੇ ਕਿਹਾ	05.00 ਰੁਪਏ
11. ਸ਼ਹੀਦ ਕਰਤਾਰ ਸਿੰਘ ਸਰਾਭਾ	05.00 ਰੁਪਏ
12. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ	10.00 ਰੁਪਏ
13. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ	05.00 ਰੁਪਏ
14. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ	10.00 ਰੁਪਏ
15. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ)	60.00 ਰੁਪਏ
16. ਲੈਨਿਨਵਾਦ ਦੀਆਂ ਨੀਹਾਂ — ਸਤਾਲਿਨ	20.00 ਰੁਪਏ
17. ਫ਼ਲਸਫਾਨਾ ਲਿਖ਼ਤਾਂ — ਮਾਓ-ਜ਼ੇ-ਤੁੰਗ	25.00 ਰੁਪਏ
18. ਖੇਤੀ ਵਿੱਚ ਪੂੰਜੀਵਾਦ (ਲੈਨਿਨ)	15.00 ਰੁਪਏ
19. ਰਾਜ (ਲੈਨਿਨ)	10.00 ਰੁਪਏ
20. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ)	10.00 ਰੁਪਏ
21. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ)	10.00 ਰੁਪਏ
22. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ	10.00 ਰੁਪਏ
23. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ	10.00 ਰੁਪਏ

24. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ	10.00 ਰੁਪਏ
25. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ)	15.00 ਰੁਪਏ
26. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ	03.00 ਰੁਪਏ
27. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ	10.00 ਰੁਪਏ
28. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ	20.00 ਰੁਪਏ
29. ਕਿਉਂ ਮਾਓਵਾਦ ?	10.00 ਰੁਪਏ
30. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ	20.00 ਰੁਪਏ
31. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ	10.00 ਰੁਪਏ
32. ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼)	35.00 ਰੁਪਏ
33. ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ)	20.00 ਰੁਪਏ
34. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ	10.00 ਰੁਪਏ
35. ਚੋਰ ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਨੰਗੀ ਤੇ ਗੰਦੀ ਤਸਵੀਰ	03.00 ਰੁਪਏ
36. ਨਵਉਦਾਰਵਾਦੀ ਨੀਤੀਆਂ ਦੇ ਅਠ੍ਹਾਰਾਂ ਸਾਲ (ਭਾਰਤ ਦੀ ਤਰੱਕੀ ਦੇ ਦਾਅਵਿਆਂ ਦਾ ਪਰਦਾਫਾਸ਼)	03.00 ਰੁਪਏ
37. ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ)	100.00ਰੁਪਏ
38. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ)	20.00 ਰੁਪਏ
39. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼)	35.00 ਰੁਪਏ
40. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼)	65.00 ਰੁਪਏ
41. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼)	15.00 ਰੁਪਏ
42. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ)	50.00 ਰੁਪਏ
43. ਕਾਰਲ ਮਾਰਕਸ ਅਤੇ ਉਹਨਾਂ ਦੀ ਸਿੱਖਿਆ (ਲੈਨਿਨ)	35.00 ਰੁਪਏ
44. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ)	40.00 ਰੁਪਏ
45. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ)	30.00 ਰੁਪਏ
46. ਰਾਜ ਅਤੇ ਇਨਕਲਾਬ (ਲੈਨਿਨ)	50.00 ਰੁਪਏ
47. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ	75.00 ਰੁਪਏ
48. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ)	40.00 ਰੁਪਏ
49. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ)	60.00 ਰੁਪਏ
50. ਫਾਸੀਵਾਦ ਕੀ ਹੈ ਅਤੇ ਇਸ ਨਾਲ਼ ਕਿਵੇਂ ਲੜੀਏ ?	15.00 ਰੁਪਏ
51. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ. ਏਂਗਲਜ਼)	30.00 ਰੁਪਏ



ਮੈਂ ਇਸ ਗੱਲ ਨਾਲ਼ ਸਹਿਮਤ ਹਾਂ ਕਿ ਇਹਨਾਂ ਵਿਰਾਟ ਬੁਰਾਈਆਂ ਨੂੰ ਖਤਮ ਕਰਨ ਦਾ ਸਿਰਫ਼ ਇੱਕੋ ਹੀ ਰਾਹ ਹੈ, ਕੇਵਲ ਇਕ ਸਮਾਜਵਾਦੀ ਅਰਥਚਾਰੇ ਦੀ ਸਥਾਪਨਾ ਦੁਆਰਾ ਹੀ ਅਜਿਹਾ ਕੀਤਾ ਜਾ ਸਕਦਾ ਹੈ, ਜਿਸ ਦੇ ਨਾਲ਼ ਨਾਲ਼ ਸਮਾਜਿਕ ਉਦੇਸ਼ਾ ਨਾਲ਼ ਭਰਪੂਰ ਇਕ ਸਿੱਖਿਆ ਢਾਂਚਾ ਵੀ ਹੋਵੇ।ਅਜਿਹੇ ਅਰਥਚਾਰੇ ਵਿੱਚ ਪੈਦਾਵਾਰ ਦੇ ਸਾਧਨਾਂ 'ਤੇ ਖੁਦ ਸਮਾਜ ਦੀ ਮਾਲਕੀ ਹੁੰਦੀ ਹੈ ਅਤੇ ਉਹਨਾਂ ਦਾ ਉਪਯੋਗ ਯੋਜਨਾਬੱਧ ਢੰਗ ਨਾਲ਼ ਹੁੰਦਾ ਹੈ। ਯੋਜਨਾਬੱਧ ਅਰਥਚਾਰਾ ਭਾਈਚਾਰੇ ਦੀਆਂ ਲੋੜਾਂ ਦੇ ਅਨੁਸਾਰ ਪੈਦਾਵਾਰ ਨੂੰ ਨਿਯਮਿਤ ਕਰਦਾ ਹੈ, ਕੰਮ ਕਰਨ ਦੇ ਯੋਗ ਲੋਕਾਂ ਦਰਮਿਆਨ ਕੀਤੇ ਜਾਣ ਵਾਲੇ ਕੰਮ ਨੂੰ ਵੰਡ ਦਿੰਦਾ ਹੈ ਅਤੇ ਹਰੇਕ ਇਸਤਰੀ, ਪੁਰਸ਼ ਅਤੇ ਬੱਚੇ ਨੂੰ ਰੋਜ਼ੀ ਰੋਟੀ ਦੀ ਗਾਰੰਟੀ ਦਿੰਦਾ ਹੈ।ਅਜਿਹੇ ਸਮਾਜ ਵਿੱਚ ਸਿੱਖਿਆ, ਵਿਅਕਤੀ ਦੀ ਆਪਣੀ ਯੋਗਤਾ ਦਾ ਵਿਕਾਸ ਕਰਨ ਨਾਲ ਹੀ ਸਾਡੇ ਵਰਤਮਾਨ ਸਮਾਜ ਵਿੱਚ ਸੱਤ੍ਹਾ ਅਤੇ ਸਫਲਤਾ ਦਾ ਗੁਣਗਾਨ ਕਰਨ ਦੀ ਥਾਂ ਉਸਦੇ ਅੰਦਰ ਆਪਣੇ ਵਰਗੇ ਲੋਕਾਂ ਪ੍ਰਤੀ ਇਕ ਜ਼ਿੰਮੇਦਾਰੀ ਦੀ ਭਾਵਨਾ ਨੂੰ ਵਿਕਸਿਤ ਕਰਨ ਦਾ ਯਤਨ ਕਰੇਗੀ।



ਸ਼ਹੀਦ ਭਗਤ
ਸਿੰਘ ਯਾਦਗਾਰੀ
ਪ੍ਰਕਾਸ਼ਨ, ਲੁਧਿਆਣਾ

ਕੀਮਤ — 10.00